**SATJUG**
1920 ਤੋਂ
ਸਾਲ 100 ਵਾਂ

੧੭ ਤੋਂ ੩੦ ਮੱਘਰ ੨੦੭੭ ਬਿ.

**1 To 14 Dec. 2020**

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

100

Price: Rs.5/-
ਜਿਲਦ 28
ਨੰਬਰ 21
Total Pages 52






## ਸ੍ਰੀ ਸਤਿਗੁਰੂ ਜਗਜੀਤ ਸਿੰਘ ਪ੍ਰਕਾਸ਼ ਸ਼ਤਾਬਦੀ ਮੇਲਾ

25 ਤੋਂ 30 ਨਵੰਬਰ, 2020 ਸ੍ਰੀ ਭੈਣੀ ਸਾਹਿਬ




ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ 100 ਵੇਂ ਪ੍ਰਕਾਸ਼ ਵਰ੍ਹੇ ਤੇ
100 ਸੰਗੀਤਕਾਰਾਂ ਵੱਲੋਂ ਆਰਕੈਸਟਰਾ ਅਤੇ ਸ਼ਬਦ ਗਾਇਨ।

28 ਨਵੰਬਰ 2020
ਸ੍ਰੀ ਭੈਣੀ ਸਾਹਿਬ




ਨਾਮਵਰ ਚਿੱਤਰਕਾਰ ਸ. ਗੁਰਪ੍ਰੀਤ ਸਿੰਘ ਬਠਿੰਡਾ-ਲਾਈਵ ਪੇਂਟਿੰਗ ਕਰਦੇ ਹੋਏ।

28 ਨਵੰਬਰ 2020 ਸ੍ਰੀ ਭੈਣੀ ਸਾਹਿਬ

# ਸਤਿਜੁਗ

੧੭ ਤੋਂ ੩੦ ਮੱਘਰ ੨੦੭੭ ਬਿ.

1 ਤੋਂ 14 ਦਿਸੰਬਰ 2020 ਈ:

ਜਿਲਦ 28, ਵੀਰਵਾਰ ਨੰਬਰ 21

**ਸਤਿਜੁਗ**:ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015



**Advisory Board:**
*Harvendra Singh Hanspal*
*Gurbhej Singh Guraya*

**Editorial Board:**
*Suwarn Singh 'Virk'*
***Harpal Singh 'Sewak'***
***Sukhwinder Singh 'Lyall'***
*Sant Nishan Singh*
*Jaswant Singh 'Mast'*
*Bhajan Singh*
*Gurlal Singh*



*Printed and Published by Mr. Harvendra Singh Hanspal on behalf of Namdhari Darbar. Printed at Summit advertising press, 2DLF (Part), Moti Nagar, New Delhi and Published from Namdhari Gurdwara, Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

ਇਕ ਸਾਲ : ਦੇਸ - 300 ਰੁ:, ਪ੍ਰਦੇਸ- 70$ USD ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 280$ USD ਡਾਲਰ

***Designed and Typeset:***
***Hakam Singh***
***Taran Singh 'Bal'***
***Vishav Namdhari Sangat, Sri Bhaini Sahib***

***Satjug@sribhainisahib.com***



**ਪੱਤਰ ਵਿਹਾਰ ਦਾ ਪਤਾ :**
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 99147-02201
98155-75099


# ਤਤਕਰਾ


* **ਸੰਪਾਦਕੀ- ਕਿਸਾਨ, ਕਾਮੇ ਤੇ ਕ੍ਰਾਂਤੀਆਂ**
**ਹਰਪਾਲ ਸਿੰਘ ਸੇਵਕ................................4**

* **ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼-ਸ਼ਤਾਬਦੀ ਮੇਲਾ**
**ਮਹਿੰਦਰ ਸਿੰਘ ਕੂਕਾ, ਹਰਪਾਲ ਸਿੰਘ ਸੇਵਕ........ 7**

* **ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)**
**ਸਵ. ਕਵੀ ਪ੍ਰੀਤਮ ਸਿੰਘ ਜੀ...........47**

* **A Saga of Sri Satguru Jagjit Singh ji**
**Dr. Sharada Jayagovind ..........................50**


**ਸਤਿਜੁਗ ਆਪ ਪੜ੍ਹੋ ’ਤੇ ਹੋਰਾਂ ਨੂੰ ਵੀ ਪੜ੍ਹਾਉ।**

ਨੋਟ: ਲੇਖਕਾਂ ਦੇ ਵਿਚਾਰ ਨਿੱਜੀ ਹੋ ਸਕਦੇ ਹਨ, ਉਹਨਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

# ਕਿਸਾਨ, ਕਾਮੇ ਅਤੇ ਕ੍ਰਾਂਤੀਆਂ

ਸਾਲ 2020 ਕਰੋਨਾ ਮਹਾਂਮਾਰੀ ਕਾਰਨ ਜਿੱਥੇ ਪੂਰੀ ਦੁਨੀਆਂ ਮੰਦਹਾਲੀ ਦੇ ਦੌਰ ਚੋਂ ਗੁਜ਼ਰ ਰਹੀ ਹੈ ਉਥੇ ਭਾਰਤ ਵਿੱਚ ਪਿਛਲੇ ਕਈ ਮਹੀਨਿਆਂ ਤੋਂ ਪੂਰੇ ਦੇਸ਼ ਦੇ ਕਿਸਾਨ ਕੇਂਦਰ ਸਰਕਾਰ ਦੇ ਨਵੇਂ ਬਣਾਏ ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਪ੍ਰਦਰਸ਼ਨ ਕਰ ਰਹੇ ਹਨ। ਕਰੀਬ ਮਹੀਨੇ ਭਰ ਤੋਂ ਦਿਲੀ ਦੇ ਦੁਆਲੇ ਏਨੀ ਅਤਿ ਦੀ ਸਰਦੀ ਵਿੱਚ ਹਜ਼ਾਰਾਂ ਕਿਸਾਨ ਖੁੱਲ੍ਹੇ ਅਕਾਸ਼ ਹੇਠ ਧਰਨਿਆਂ ਤੇ ਬੈਠੇ ਹਨ। ਕਿਸਾਨ ਜਥੇਬੰਦੀਆਂ ਦੇ ਆਗੂਆਂ ਅਤੇ ਕੇਂਦਰੀ ਮੰਤਰੀਆਂ ਦੀਆਂ ਕਈ ਮੀਟਿੰਗਾਂ ਹੋ ਚੁੱਕੀਆਂ ਹਨ ਪਰ ਨਤੀਜਾ ਕੋਈ ਨਹੀਂ ਨਿਕਲਿਆ। ਸਥਿਤੀ ਤਣਾਅਪੂਰਨ ਅਤੇ ਚਿੰਤਾਜਨਕ ਬਣਦੀ ਜਾ ਰਹੀ ਹੈ। ਇਸ ਸੰਦਰਭ ਵਿੱਚ ਕਿਰਤੀ ਅਤੇ ਕਿਸਾਨੀ ਸੰਘਰਸ਼ ਦੇ ਇਤਿਹਾਸ, ਵਰਤਮਾਨ ਪ੍ਰਸਥਿਤੀਆਂ, ਸੱਮਸਿਆਵਾਂ ਅਤੇ ਇਨ੍ਹਾਂ ਦੇ ਸਮਾਧਾਨ ਬਾਰੇ ਕੁਝ ਵਿਚਾਰ ਪਾਠਕਾਂ ਨਾਲ ਸਾਂਝੇ ਕਰਦੇ ਹਾਂ।

ਇਤਿਹਾਸ ਵਾਚਿਆਂ ਪਤਾ ਲਗਦਾ ਹੈ ਕਿ ਧਾੜਵੀਆਂ, ਜਗੀਰਦਾਰਾਂ ਅਤੇ ਵਪਾਰੀਆਂ ਵਲੋਂ ਹਮੇਸ਼ਾਂ ਕਿਰਤੀਆਂ ਅਤੇ ਕਿਸਾਨਾਂ ਦਾ ਸ਼ੋਸ਼ਣ ਹੁੰਦਾ ਰਿਹਾ ਹੈ। ਕਿਰਤੀਆਂ ਦੀ ਸੁੱਚੀ ਕਿਰਤ ਦੇ ਲੁਟੇਰੇ, ਰਜਵਾੜੇ, ਜਗੀਰਦਾਰ ਅਤੇ ਵਪਾਰੀ ਤਾਂ ਐਸ਼ ਪ੍ਰਸਤੀ ਦਾ ਜੀਵਨ ਬਤੀਤ ਕਰਦੇ ਸਨ ਪਰ ਮਿੱਟੀ ਨਾਲ ਮਿੱਟੀ ਹੋਣ ਵਾਲੇ ਕਿਸਾਨਾਂ, ਕਾਮਿਆਂ ਦੀਆਂ ਮੁੱਢਲੀਆਂ ਲੋੜਾਂ ਵੀ ਨਹੀਂ ਸਨ ਪੂਰੀਆਂ ਹੁੰਦੀਆਂ- ਜਿਵੇਂ ਜਿਵੇਂ ਜਾਗਰੂਕਤਾ ਆਈ, ਵਿਸ਼ਵ ਭਰ ਵਿੱਚ ਕਿਰਤੀ ਆਪਣੇ ਹੱਕਾਂ ਲਈ ਸੰਘਰਸ਼ ਕਰਨ ਲੱਗੇ, ਵੱਡੀਆਂ ਕ੍ਰਾਂਤੀਆਂ ਵਾਪਰੀਆਂ।

ਕਿਸਾਨ ਅਤੇ ਕਾਮੇ (ਮਜ਼ਦੂਰ), ਇੱਕੋ ਸਿੱਕੇ ਦੇ ਦੋ ਪਾਸੇ ਹਨ। ਜੀਵਨ ਦਾ ਮੁੱਢਲਾ ਆਧਾਰ ਭੋਜਨ: ਅਨਾਜ, ਫ਼ਲ, ਸਬਜੀਆਂ ਆਦਿ ਖਾਧ-ਪਦਾਰਥ ਕਿਸਾਨ ਪੈਦਾ ਕਰਦਾ ਹੈ। ਕਿਸਾਨ ਦੀ ਪੈਦਾਵਾਰ ਸਦਕਾ ਹੀ ਪੂਰੀ ਮਾਨਵਤਾ ਜਿਊਂਦੀ ਹੈ। -ਅਤੇ ਮਜ਼ਦੂਰ, ਦਿਹਾੜੀਦਾਰ, ਕਾਮੇ, ਖੇਤਾਂ, ਕਾਰਖਾਨਿਆਂ, ਦਫ਼ਤਰਾਂ ਆਦਿ ਵਿੱਚ ਕੰਮ ਕਰਕੇ ਆਪਣਾ ਜੀਵਨ ਨਿਰਬਾਹ ਕਰਦੇ ਹਨ। ਇਸ ਲਈ ਵਿਕਾਸ ਦਾ ਮੂਲ ਆਧਾਰ ਕਾਮੇ ਹਨ, ਮਜ਼ਦੂਰ ਹਨ। ਸਮੁੱਚੀ ਮਾਨਵਤਾ ਦੇ ਜੀਵਨ ਦਾ ਆਧਾਰ ਅਤੇ ਸਮੁੱਚੇ ਵਿਕਾਸ ਦਾ ਆਧਾਰ; ਕਿਸਾਨ ਅਤੇ ਮਜ਼ਦੂਰ ਹੀ, ਵਿਸ਼ੇਸ਼ ਕਰਕੇ ਭਾਰਤ ਵਿੱਚ ਗਰੀਬੀ ਦਾ ਜੀਵਨ ਬਸਰ ਕਰਨ ਲਈ ਮਜਬੂਰ ਹਨ। ਛੋਟੇ ਕਿਸਾਨਾਂ ਅਤੇ ਆਮ ਮਜ਼ਦੂਰਾਂ ਦੀ ਹਾਲਾਤ ਬੜੀ ਤਰਸਯੋਗ ਹੈ।

ਭਾਰਤ ਵਿੱਚ ਸਭ ਤੋਂ ਪਹਿਲੋਂ ਪੰਦਰਵੀਂ ਸਦੀ ਵਿੱਚ ਸਤਿਗੁਰੂ ਨਾਨਕ ਦੇਵ ਜੀ ਨੇ ਕਿਰਤ ਨੂੰ ਵਡਿਆਈ ਦਿੱਤੀ। ਜੀਵਨ ਦਾ ਉੱਚ ਆਦਰਸ਼- 'ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ, ਦੱਸਿਆ। ਮੰਗ ਖਾਣ ਦਾ ਖੰਡਨ ਕੀਤਾ। ਮੰਗਨ ਵਾਲਾ ਭਾਵੇਂ ਮੰਗਤੇ ਦੇ ਰੂਪ ਵਿੱਚ ਹੋਵੇ ਜਾਂ ਸਾਧੂ ਸੰਤ ਦੇ ਭੇਖ ਵਿੱਚ, ਦੋਹਾਂ ਨੂੰ ਨਿੰਦਿਆ। ਆਪ ਦਾ ਫੁਰਮਾਨ ਹੈ:

ਗੁਰੁ ਪੀਰੁ ਸਦਾਏ ਮੰਗਣ ਜਾਇ॥ ਤਾਕੈ ਮੂਲਿ ਨਾ ਲਗੀਐ ਪਾਇ।
ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥

ਗੁਰੂ ਸਾਹਿਬ ਨੇ ਕਿਰਤੀ ਲਾਲੋ ਨੂੰ 'ਭਾਈ ਲਾਲੋ, ਕਹਿ ਕੇ ਨਿਵਾਜਿਆ, ਕਿਰਤ ਨੂੰ ਵਡਿਆਇਆ। ਜੀਵਨ ਦੇ ਆਖਰੀ 18 ਵਰ੍ਹੇ ਆਪ ਹਲ ਵਾਹਿਆ, ਖੇਤੀ ਕੀਤੀ। ਇਕ ਨਵਾਂ ਸਭਿਆਚਾਰ ਪੈਦਾ ਕੀਤਾ- ਕਿਰਤ ਕਰਨ ਅਤੇ ਸੁੱਚੀ ਕਮਾਈ ਨੂੰ ਵੰਡ ਕੇ ਖਾਣ ਦਾ:

ਖਾਵਹਿ ਖਰਚਹਿ ਰਲਿ ਮਿਲਿ ਭਾਈ॥
ਤੋਟਿ ਨ ਆਵੈ ਵਧਦੋ ਜਾਈ॥

ਸਿੱਖ ਪੰਥ, ਕਿਰਤੀਆਂ, ਕਿਸਾਨਾਂ, ਦਸਤਕਾਰਾਂ, ਛੋਟੇ ਕਾਰੋਬਾਰੀਆਂ ਅਤੇ ਕਾਮਿਆਂ ਦਾ ਪੰਥ ਬਣ ਗਿਆ। ਇਨ੍ਹਾਂ ਕਿਰਤੀਆਂ-ਕਾਮਿਆਂ ਨੇ ਜਦੋਂ ਹਲ ਦੀ ਜਗ੍ਹਾ ਤੇਗਾਂ ਚੁੱਕੀਆਂ ਤਾਂ ਜ਼ਾਲਮ ਹਕੂਮਤ ਦਾ ਤਖਤਾ ਪਲਟ ਦਿੱਤਾ। ਸਭ ਤੋਂ ਪਹਿਲਾ ਸਿੱਖ ਜਰਨੈਲ ਬਾਬਾ ਬੰਦਾ ਬਹਾਦਰ ਹੀ ਹੈ ਜਿਸਨੇ ਕ੍ਰੀਬ 1712 ਤੋਂ 1716 ਈ: ਦਰਮਿਆਨ ਪੰਜਾਬ ਵਿੱਚ ਜਗੀਰਦਾਰੀ ਖਤਮ ਕਰਨ ਲਈ ਆਦੇਸ਼ ਜਾਰੀ ਕੀਤੇ, ਉਸਨੇ ਕਿਹਾ ਜ਼ਮੀਨ ਹਲ-ਵਾਹਕ ਦੀ ਹੋਵੇਗੀ- ਮੁਜ਼ਾਰਿਆਂ ਨੂੰ ਮਾਲਕ ਬਣਾ ਦਿੱਤਾ। ਵਿਸ਼ਵ ਇਤਿਹਾਸ ਵਿੱਚ ਇਹ ਕਿਸਾਨ-ਸਿਪਾਹੀਆਂ ਦੀ ਪਹਿਲੀ ਕ੍ਰਾਂਤੀ ਕਹੀ ਜਾ ਸਕਦੀ ਹੈ, ਜਿਸਦੇ ਬੀਜ ਗੁਰੂ ਨਾਨਕ ਦੇਵ ਜੀ ਨੇ ਬੀਜੇ ਸਨ।

1789 ਈ. 'ਚ ਫਰਾਂਸ ਵਿੱਚ ਕਾਮਿਆਂ ਨੇ ਆਪਣੇ ਹੱਕਾਂ ਲਈ ਰਾਸ਼ਟਰੀ ਪੱਧਰ ਤੇ ਸੰਘਰਸ਼ ਵਿੱਢਿਆ, ਉਦਯੋਗਿਕ ਕ੍ਰਾਂਤੀ ਆਈ, ਵਿਕਾਸ ਦੇ ਰਾਹ ਖੁੱਲੇ, ਜਗੀਰਦਾਰੀ ਢਾਂਚਾ ਟੁੱਟਿਆ। ਪੱਛਮੀ ਦੇਸ਼ਾਂ ਵਿੱਚ ਕਾਮਿਆਂ ਦੇ ਲੰਮੇ ਸੰਘਰਸ਼ ਦਾ ਨਤੀਜਾ ਹੈ ਕਿ ਮਜ਼ਦੂਰਾਂ, ਕਾਮਿਆਂ ਦੀ ਕਿਰਤ ਦਾ ਉਨ੍ਹਾਂ ਨੂੰ ਪੂਰਾ ਮੁੱਲ ਮਿਲਣਾ, ਕੰਮ ਦੇ 8 ਘੰਟੇ ਨੀਅਤ ਹੋਣੇ ਅਤੇ ਪ੍ਰਤੀ ਘੰਟੇ ਦੇ ਹਿਸਾਬ ਉਜਰਤ ਮਿਲਨੀ। ਪੱਛਮੀ ਦੇਸ਼ਾਂ ਵਿੱਚ ਉਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਕਿਸਾਨੀ ਨੂੰ ਬਚਾਉਣ ਲਈ ਅਤੇ ਵਿਕਸਤ ਕਰਨ ਲਈ ਸੁਚੇਤ ਹਨ। ਕਿਸਾਨਾਂ ਨੂੰ ਸਹੂਲਤਾਂ ਦੇਂਦੀਆਂ ਹਨ ਉਨ੍ਹਾਂ ਦੀ ਪੈਦਾਵਾਰ ਦਾ ਪੂਰਾ ਮੁੱਲ ਮਿਲਦਾ ਹੈ। ਕਾਮਿਆਂ ਨੂੰ ਕਿਸੇ ਵੇਲੇ ਜੇ ਕੰਮ ਨਾ ਮਿਲੇ ਤਾਂ ਸਰਕਾਰ ਉਨ੍ਹਾਂ ਨੂੰ ਜੀਵਨ ਨਿਰਬਾਹ ਲਈ ਬੇਰੁਜ਼ਗਾਰੀ ਭੱਤਾ ਦੇਂਦੀ ਹੈ। ਪਰ ਭਾਰਤ ਵਿੱਚ 21 ਵੀਂ. ਸਦੀ ਤੱਕ ਪਹੁੰਚਣ ਤੇ ਵੀ ਕਿਸਾਨ ਅਤੇ ਕਾਮੇ ਦੋਵੇਂ ਰੁਲ ਰਹੇ ਹਨ।

ਜਿਸ ਮੰਦਹਾਲੀ ਵੱਲ ਨੂੰ ਅੱਜ ਸਾਡੇ ਦੇਸ਼ ਦੀ ਕਿਸਾਨੀ ਵੱਧ ਰਹੀ ਹੈ, ਅਜਿਹੀ ਸਥਿਤੀ ਹੀ ਵੀਹਵੀਂ ਸਦੀ ਦੇ ਚੌਥੇ ਦਹਾਕੇ ਵਿੱਚ ਇੱਕ ਵੇਰ ਅਮਰੀਕਾ ਵਿੱਚ ਕੈਲੇਫੋਰਨੀਆਂ ਦੇ ਕਿਸਾਨਾਂ ਦੀ ਹੋ ਗਈ ਸੀ। ਕਿਸਾਨਾਂ ਤੋਂ ਜ਼ਮੀਨਾਂ ਖੋਹ ਕੇ ਬੈਂਕ ਅਤੇ ਕੰਪਨੀਆਂ, ਵੱਡੇ ਜਗੀਰਦਾਰ, ਵੱਡੇ-ਵੱਡੇ ਫਾਰਮ ਬਣਾ ਰਹੇ ਸਨ। ਉੱਜੜੇ ਕਿਸਾਨ ਮਜ਼ਬੂਰੀ ਵਿੱਚ ਕੈਲੇਫੋਰਨੀਆਂ ਦੇ ਬਾਗਾਂ ਵਿੱਚ ਮਜ਼ਦੂਰੀ ਕਰਨ ਲੱਗ ਪਏ ਸਨ। ਉਨ੍ਹਾਂ ਤੋਂ ਕੰਮ ਬਹੁਤ ਲਿਆ ਜਾਂਦਾ ਅਤੇ ਮਜ਼ਦੂਰੀ ਬਹੁਤ ਘੱਟ ਦਿੱਤੀ ਜਾਂਦੀ। ਉਨ੍ਹੀ ਦਿਨੀਂ ਜੋਨ ਸਟੈਨਬੈਕ ਦੇ ਨਾਵਲ 'ਦਾ ਗਰੇਪਸ ਆਫ ਰਾਥ' ਛਪਿਆ, ਜਿਸ ਵਿੱਚ ਅਮਰੀਕਾ ਦੀ ਆਰਥਿਕ ਮੰਦੀ ਅਤੇ ਕਿਸਾਨਾਂ ਤੋਂ ਮਜ਼ਦੂਰ ਬਣੇ ਕਾਮਿਆਂ ਦੀ ਮੰਦਹਾਲੀ ਬਾਖੂਬੀ ਬਿਆਨ ਕੀਤੀ ਗਈ ਸੀ। ਜਦੋਂ ਇਹ ਨਾਵਲ ਉਸ ਸਮੇਂ ਦੇ ਅਮਰੀਕਾ ਦੇ ਪ੍ਰਧਾਨ ਰੂਜ਼ਵੈਲਟ ਨੇ ਪੜ੍ਹਿਆ ਤਾਂ ਉਹ ਬਹੁਤ ਘਬਰਾਇਆ, ਉਸਨੂੰ ਕਿਸਾਨਾਂ ਤੇ ਬਹੁਤ ਤਰਸ ਆਇਆ। ਉਸਨੇ ਆਪਣੀ ਪਤਨੀ ਨੂੰ ਕਿਸਾਨਾਂ, ਮਜ਼ਦੂਰਾਂ ਦੇ ਹਾਲਾਤ ਦਾ ਜ਼ਾਇਜਾ ਲੈਣ ਉਚੇਚਾ ਕੈਲੇਫੋਰਨੀਆ ਭੇਜਿਆ। ਉਸਦੀ ਪਤਨੀ ਨੇ ਪੂਰੀ ਜਾਂਚ ਪੜਤਾਲ ਕਰਕੇ ਜੋ ਰਿਪੋਰਟ ਤਿਆਰ ਕੀਤੀ, ਉਸ ਵਿੱਚ ਦੱਸਿਆ ਗਿਆ ਕਿ ਨਾਵਲ ਵਿੱਚ ਮਜ਼ਦੂਰਾਂ ਦੀ ਜੋ ਹਾਲਤ ਬਿਆਨ ਕੀਤੀ ਗਈ ਹੈ, ਯਥਾਰਥਿਕ ਹਾਲਾਤ ਉਸ ਨਾਲੋਂ ਕਈ ਗੁਣਾਂ ਮਾੜੀ ਹੈ, ਜੇ ਇਸ ਪਾਸੇ ਧਿਆਨ ਨਾ ਦਿੱਤਾ ਗਿਆ ਤਾਂ ਅਮਰੀਕਾ ਤਬਾਹ ਹੋ ਜਾਏਗਾ। ਪ੍ਰਧਾਨ ਰੂਜ਼ਵੈਲਟ ਨੇ ਤੁਰਤ ਹੀ ਰਾਸ਼ਟਰੀ ਕਮਿਸ਼ਨ ਗਠਿਤ ਕਰਕੇ ਉਸ ਦੀਆਂ ਸਿਫਾਰਸ਼ਾਂ ਤੇ ਅਮਲ ਸ਼ੁਰੂ ਕਰਵਾਇਆ ਤਾਂ ਕਿਸਾਨਾਂ ਨੂੰ ਮੁੜ ਉਨ੍ਹਾਂ ਦੀਆਂ ਜ਼ਮੀਨਾਂ ਦੇ ਮਾਲਕ ਬਣਾਇਆ। ਪਰ ਇਹ ਤਦ ਹੀ ਸੰਭਵ ਹੋ ਸਕਿਆ ਕਿ ਉਸ ਦੇਸ਼ ਦੇ ਨੇਤਾ , ਲੋਕਾਂ ਦੇ ਦਿਲ ਦੀ ਆਵਾਜ਼ ਸੁਣਦੇ ਸਨ, ਲੋਕਾਂ ਦਾ ਦਰਦ ਮਹਿਸੂਸ ਕਰਦੇ ਸਨ, ਕੇਵਲ 'ਮਨ ਕੀ ਬਾਤ' ਨਹੀਂ ਸਨ ਕਰਦੇ। ਉਹ ਸਮਝਦੇ ਸਨ ਕਿ ਕੁਝ ਕੁ ਘਰਾਣਿਆਂ ਦਾ ਅਮੀਰ ਅਤੇ ਹੋਰ ਅਮੀਰ ਹੋਈ ਜਾਣਾ ਅਤੇ ਆਮ ਨਾਗਰਿਕ ਦਾ, ਕਿਸਾਨਾਂ ਦਾ ਉੱਜੜ ਜਾਣਾ ਦੇਸ਼ ਦਾ ਵਿਨਾਸ਼ ਕਰ ਦੇਵੇਗਾ।

18 ਵੀਂ ਸਦੀ ਵਿੱਚ ਜਦੋਂ ਬਰਤਾਨਵੀ ਹਕੂਮਤ ਦਾ ਭਾਰਤ ਦੇ ਵੱਡੇ ਹਿਸੇ ਤੇ ਰਾਜ ਹੋ ਗਿਆ ਅਤੇ 19ਵੀਂ ਸਦੀ ਦੇ ਪੰਜਵੇਂ ਦਹਾਕੇ ਵਿੱਚ ਉਹ ਪੰਜਾਬ ਤੇ ਵੀ ਕਾਬਜ ਹੋ ਗਏ। ਨਵੇਂ ਆਏ ਅੰਗ੍ਰੇਜ਼ ਹਾਕਮਾਂ ਨੇ ਕਿਸਾਨਾਂ ਤੋਂ ਮਾਲੀਆ ਜਿਨਸ ਦੇ ਰੂਪ 'ਚ ਨਾ ਲੈ ਕੇ ਨਗਦੀ ਰੂਪ'ਚ ਲੈਣਾ ਸ਼ੁਰੂ ਕਰ ਦਿੱਤਾ। ਫਸਲ ਘੱਟ ਹੋਵੇ ਜਾਂ ਮਾਰੀ ਜਾਵੇ ਤਦ ਵੀ ਮਾਮਲਾ ਪੂਰਾ ਦੇਣਾ ਹੀ ਪੈਂਦਾ। ਇਸ ਨਾਲ ਕਿਸਾਨਾਂ ਦੀ ਹਾਲਤ ਬਹੁਤ ਬਦਤਰ ਹੋ ਗਈ। ਇੰਗਲੈਂਡ ਵਿੱਚ ਮਿੱਲਾਂ ਲੱਗ ਚੁੱਕੀਆਂ ਸਨ। ਹਾਕਮ, ਭਾਰਤ ਵਿਚੋਂ ਕੱਚਾ ਮਾਲ ਖਰੀਦਦੇ ਅਤੇ ਵਿਸ਼ੇਸ਼ ਕਰਕੇ ਕਪਾਹ ਖਰੀਦ ਕੇ, ਮਿੱਲਾਂ 'ਚ ਬਣਿਆ ਕੱਪੜਾ ਭਾਰਤ ਦੀ ਮੰਡੀ ਵਿੱਚ ਵੇਚਦੇ ਜਿਸ ਨਾਲ ਘਰੇਲੂ ਧੰਧੇ ਵੀ ਖਤਮ ਹੋ ਗਏ। ਰਜਵਾੜਿਆਂ, ਜਗੀਰਦਾਰਾਂ ਨੇ ਅੰਗ੍ਰੇਜਾਂ ਦੀ ਗੁਲਾਮੀ ਨੂੰ ਸ਼ਿੰਗਾਰ ਵਜੋਂ ਅਪਣਾ ਕੇ ਆਪਣੀਆਂ ਸਰਦਾਰੀਆਂ ਬਚਾ ਲਈਆਂ ਸਨ। ਅਜਿਹੇ ਨਿਰਾਸਤਾ ਅਤੇ ਮੰਦਹਾਲੀ ਦੇ ਦੌਰ ਵਿੱਚ ਪੰਜਾਬ ਦੇ ਇਕ ਛੋਟੇ ਜਿਹੇ ਪਿੰਡ ਰਾਈਆਂ-ਭੈਣੀ ਵਿੱਚ ਇਕ ਕਿਰਤੀ ਪਰਿਵਾਰ ਵਿਚ ਪੈਦਾ ਹੋਏ ਸਤਿਗੁਰੂ ਰਾਮ ਸਿੰਘ ਜੀ ਨੇ ਲੋਕਾਂ ਦੀ ਅਗਵਾਈ

ਕੀਤੀ। ਈਸਟ ਇੰਡੀਆਂ ਕੰਪਨੀ ਦੇ ਵਪਾਰੀ (ਅੰਗ੍ਰੇਜ) ਹਾਕਮਾਂ ਦੀ ਲੁੱਟ ਤੋਂ ਬਚਨ ਲਈ, ਵਿਦੇਸ਼ੀ ਸਰਕਾਰ ਨਾਲ ਪੂਰੀ ਤਰਾਂ ਨਾ-ਮਿਲਵਰਤਨ (ਅ-ਸਹਿਯੋਗ) ਦਾ ਪ੍ਰਚਾਰ ਕੀਤਾ ਕਿ ਵਿਦੇਸ਼ੀ ਹਾਕਮਾਂ ਦੀ ਨੌਕਰੀ ਨਹੀਂ ਕਰਨੀ ਉਨ੍ਹਾਂ ਦੇ ਅਦਾਰੇ ਰੇਲ, ਡਾਕ-ਤਾਰ, ਸਕੂਲਾਂ ਅਤੇ ਅਦਾਲਤਾਂ ਵਿੱਚ ਨਹੀਂ ਜਾਣਾ ਅਤੇ ਅੰਗ੍ਰੇਜ਼ ਵਪਾਰੀਆਂ ਦੀ ਬਣੀ ਕੋਈ ਚੀਜ਼ ਨਹੀਂ ਖਰੀਦਣੀ। ਆਪਣਾ ਸਭਿਆਚਾਰ, ਆਪਣੀ ਬੋਲੀ ਅਤੇ ਆਪਣੀਆਂ ਬਣੀਆਂ ਚੀਜ਼ਾਂ ਹੀ ਵਰਤਣੀਆਂ। ਵਿਦੇਸ਼ੀ ਹਕੂਮਤ ਦਾ ਪੂਰਨ ਬਾਈਕਾਟ ਅਤੇ ਸਵਦੇਸ਼ੀ ਨੂੰ ਅਪਨਾਉਣਾ ਆਜ਼ਾਦੀ ਸੰਗਰਾਮ ਦਾ ਅਚੂਕ ਹਥਿਆਰ ਬਣ ਗਿਆ। ਆਪ ਦੇ ਪ੍ਰਭਾਵ ਹੇਠ ਕਿਸਾਨ, ਦਸਤਕਾਰ, ਛੋਟੇ ਕਾਰੋਬਾਰੀ ਅਤੇ ਕਾਮੇ ਇਕੱਠੇ ਹੋ ਗਏ। ਇਤਿਹਾਸ ਦੇ ਪੰਨਿਆਂ ਤੇ ਇਸਨੂੰ ਨਾਮਧਾਰੀ ਸੰਤ ਖਾਲਸਾ ਲਹਿਰ ਜਾਂ ਕੂਕਾ ਅੰਦੋਲਨ ਵੀ ਲਿਖਿਆ ਗਿਆ ਹੈ। ਸ਼ਹੀਦ ਭਗਤ ਸਿੰਘ ਨੇ 1928 ਈ. ਵਿੱਚ ਦਿੱਲੀਓਂ ਪ੍ਰਕਾਸ਼ਿਤ ਹੁੰਦੇ ਮਹਾਂਰਥੀ- ਹਿੰਦੀ ਮਾਸਿਕ ਪੱਤਰ ਵਿੱਚ- ਸਤਿਗੁਰੂ ਰਾਮ ਸਿੰਘ ਜੀ ਦੁਆਰਾ ਅਰੰਭੇ ਅੰਦੋਲਨ ਨੂੰ ਪੰਜਾਬ ਦਾ ਪਹਿਲਾ ਵਿਸ਼ਾਲ ਮੁਕਤੀ ਅੰਦੋਲਨ ਲਿਖਿਆ ਹੈ। ਕਵੀ ਪ੍ਰੀਤਮ ਸਿੰਘ ਜੀ ਨੇ ਵੀ 'ਪੰਜਾਬ ਵਿੱਚ ਪਹਿਲਾ ਕਿਸਾਨੀ ਅੰਦੋਲਨ ਕੂਕਾ ਲਹਿਰ' ਨੂੰ ਹੀ ਲਿਖਿਆ ਹੈ। ਵੀਂਹਵੀ ਸਦੀ ਦੇ ਪਹਿਲੇ ਦਹਾਕੇ ਵਿੱਚ ਪੰਜਾਬ ਵਿੱਚ ਸ਼ੁਰੂ ਹੋਏ 'ਕਿਸਾਨ-ਅੰਦੋਲਨ, ਪਗੜੀ ਸੰਭਾਲ ਜੱਟਾ' ਦੀਆਂ ਜੜ੍ਹਾਂ ਕੂਕਾ ਅੰਦੋਲਨ ਵਿਚ ਹੀ ਹਨ। 1919 ਵਿੱਚ ਜਲਿਆਂਵਾਲੇ ਸਾਕੇ ਵਿੱਚ ਵੀ ਸ਼ਹੀਦ ਹੋਣ ਵਾਲੇ ਕਿਸਾਨ, ਕਾਮੇਂ, ਦਸਤਕਾਰ ਅਤੇ ਛੋਟੇ ਦੁਕਾਨਦਾਰ ਹੀ ਸਨ। ਅਮੀਰਜ਼ਾਦੇ ਤਾਂ ਜ਼ਾਲਮ ਹਾਕਮਾਂ ਨੂੰ ਸਿਰੋਪਾਓ ਦੇ ਰਹੇ ਸਨ। ਭਵਿੱਖ ਵਿੱਚ ਇਹੋ 'ਕੂਕਾ ਅੰਦੋਲਨ ਅਰਥਾਤ ਕਿਸਾਨ- ਅੰਦੋਲਨ ਦਾ ਵਿਸਥਾਰ ਹੀ ਕਈ ਰੂਪਾਂ ਵਿੱਚ ਦੇਸ਼ ਦੀ ਆਜ਼ਾਦੀ ਦਾ ਅੰਦੋਲਨ ਬਣ ਗਿਆ ਅਤੇ ਭਾਰਤ ਅਜ਼ਾਦ ਹੋ ਗਿਆ।

1905 ਈ. ਵਿੱਚ ਰੂਸ ਵਿੱਚ ਕਿਸਾਨ ਅੰਦੋਲਨ ਬੜੇ ਵਿਰਾਟ ਰੂਪ ਵਿਚ ਅਰੰਭ ਹੋਇਆ ਪਰ ਉਥੋਂ ਦੇ ਹਾਕਮਾਂ ਦੀ ਤਾਕਤ ਅੱਗੇ ਅਸਫ਼ਲ ਹੋ ਗਿਆ- ਸੰਘਰਸ਼ ਜਾਰੀ ਰਿਹਾ, ਕਿਸਾਨਾਂ ਨੇ ਮਜ਼ਦੂਰਾਂ ਨੂੰ ਨਾਲ ਜੋੜਿਆ ਅਤੇ ਅਕਤੂਬਰ 1917 ਵਿਚ ਕਿਸਾਨ, ਮਜਦੂਰ ਅੰਦੋਲਨ ਸਫਲ ਹੋਇਆ। ਜਾਰ ਦਾ ਤਖਤਾ ਪਲਟ ਦਿੱਤਾ ਗਿਆ। ਕਿਸਾਨਾਂ ਅਤੇ ਮਜ਼ਦੂਰਾਂ ਨੂੰ ਉਨ੍ਹਾਂ ਦੇ ਹੱਕ ਮਿਲੇ। ਇਸੇ ਨੂੰ ਅਕਤੂਬਰ ਦੀ ਮਹਾਨ ਰੂਸੀ ਕ੍ਰਾਂਤੀ ਕਿਹਾ ਜਾਂਦਾ ਹੈ। ਯੁਗ ਕਵੀ ਪ੍ਰੋ. ਮੋਹਨ ਸਿੰਘ ਦੇ ਸ਼ਬਦਾਂ ਵਿੱਚ:

ਫਿਰ ਕਿਰਤੀ ਤੇ ਕਿਰਸਾਨ ਉੱਠੇ, ਕਾਲੀ ਤੇ ਬੋਲੀ ਰਾਤ ਮੁੱਕੀ,
ਗਈ ਗੱਲ ਮੰਨੀ ਜੀ ਲੋਕਾਂ ਦੀ, ਤੇ ਸਾਮਰਾਜ ਦੀ ਬਾਤ ਮੁੱਕੀ।

ਇਸੇ ਰੌਸ਼ਨੀ ਵਿੱਚ ਭਾਰਤ ਦੇ ਕਿਸਾਨਾਂ ਅਤੇ ਕਾਮਿਆਂ ਨੂੰ ਇਕ ਮੰਚ ਤੇ ਇਕੱਠੇ ਹੋ ਕੇ ਆਪਣੇ ਹੱਕਾਂ ਲਈ ਸੰਘਰਸ਼ ਕਰਨਾ ਚਾਹੀਦਾ ਹੈ। ਤਦ ਹੀ ਸੰਭਵ ਹੋ ਸਕੇਗਾ ਕਿ ਕਿਸਾਨ ਨੂੰ ਜਿਨਸ ਦਾ ਪੂਰਾ ਮੂਲ ਮਿਲੇ ਅਤੇ ਕਾਮਿਆਂ ਨੂੰ ਮਿਹਨਤ ਦੀ ਪੂਰੀ ਉਜਰਤ ਮਿਲੇਗੀ।

ਇਸੇ ਤਰ੍ਹਾਂ 1948 ਈ. ਵਿੱਚ ਜਗੀਰਦਾਰੀ ਲੁੱਟ-ਘਸੁੱਟ ਦੇ ਵਿਰੁੱਧ ਚੀਨ ਵਿੱਚ ਵਿਸ਼ਾਲ ਪੱਧਰ ਤੇ ਕਿਸਾਨੀ ਸੰਘਰਸ਼ ਸ਼ੁਰੂ ਹੋਇਆ ਅਤੇ ਇਹ ਕਿਸਾਨ ਕ੍ਰਾਂਤੀ ਸਫਲ ਹੋਈ। ਕਿਸਾਨਾਂ ਅਤੇ ਕਾਮਿਆਂ ਦੀਆਂ ਇਤਿਹਾਸਿਕ ਕ੍ਰਾਂਤੀਆਂ ਦੇ ਸੰਦਰਭ ਵਿੱਚ ਹੀ 21 ਵੀਂ ਸਦੀ ਦਾ ਪਹਿਲਾ ਅਤੇ ਵਿਰਾਟ ਅੰਦੋਲਨ ਅੱਜ ਭਾਰਤ ਦੇ ਕਿਸਾਨਾਂ ਵੱਲੋਂ ਚਲ ਰਿਹਾ ਹੈ। ਇਸ ਅੰਦੋਲਨ ਨੇ ਪੂਰੀ ਦੁਨੀਆਂ ਦਾ, ਏਥੋਂ ਤੱਕ ਕਿ U.N.O. ਦਾ ਵੀ ਧਿਆਨ ਆਪਣੇ ਵੱਲ ਖਿਚਿਆ ਹੈ।

ਇਸ ਕਿਸਾਨੀ ਅੰਦੋਲਨ ਦੇ ਕਾਰਣ, ਭਾਰਤ ਦੇ ਕਿਸਾਨਾਂ ਦੀਆਂ ਸਮੱਸਿਆਵਾਂ, ਵਰਤਮਾਨ ਪ੍ਰਸਥਿਤੀਆਂ ਅਤੇ ਇਨ੍ਹਾਂ ਦੇ ਹੱਲ ਬਾਰੇ ਡੂੰਘਾਈ ਨਾਲ ਵਿਸ਼ਲੇਸ਼ਨ ਕਰਨ ਦੀ ਲੋੜ ਹੈ।

- ਕੀ ਕੇਂਦਰ ਸਰਕਾਰ ਵੱਲੋਂ ਕਿਸਾਨੀ ਨਾਲ ਸੰਬੰਧਿਤ ਕੇਵਲ ਨਵੇਂ ਕਾਨੂੰਨ ਵਾਪਸ ਹੋਣ ਨਾਲ ਹੀ ਕਿਸਾਨੀ ਦੀਆਂ ਸਾਰੀਆਂ ਸਮੱਸਿਆਵਾਂ ਦੂਰ ਹੋ ਸਕਦੀਆਂ ਹਨ?

-ਵਰਤਮਾਨ ਵਿੱਚ ਭਾਰਤੀ ਕਿਸਾਨ ਦੀਆਂ ਕੀ ਸੱਮਸਿਆਵਾਂ ਹਨ?

-ਕਾਰਪੋਰੇਟ (ਵਪਾਰੀਆਂ) ਦੀ ਲੁੱਟ ਤੋਂ ਬਚਨ ਲਈ ਉਨ੍ਹਾਂ ਨਾਲ ਪੂਰਨ ਅ-ਸਹਿਯੋਗ ਅਤੇ ਉਨ੍ਹਾਂ ਦਾ ਹਰ ਪੱਧਰ ਤੇ ਬਾਈਕਾਟ ਕਰਨਾ-ਕਾਰਪੋਰੇਟ ਦੇ ਬਦਲ ਵਜੋਂ ਕੋ-ਆਪਰੇਟਿਵ ਕਮੇਟੀਆਂ (ਸਹਿਕਾਰੀ ਸੰਮਤੀਆਂ) ਦੀ ਸਥਾਪਨਾ ਕਰਨੀ ਆਦਿ।

-ਕਿਸਾਨਾਂ ਨੂੰ ਕੇਵਲ ਸਰਕਾਰ ਦੇ ਆਸਰੇ ਨਾ ਰਹਿ ਕੇ ਕਿਸਾਨ ਜਥੇਬੰਦੀਆਂ ਨੂੰ ਕਿਹੜੇ ਉਚੇਚੇ ਯਤਨ ਕਰਨੇ ਚਾਹੀਦੇ ਤਾਂ ਕਿ ਕਿਸਾਨਾਂ ਦੀ ਆਰਥਕ ਹਾਲਤ ਸੁਧਰੇ, ਉਹ ਕਰਜੇ ਦੀ ਮਾਰ ਹੇਠ ਆਤਮ ਹੱਤਿਆਵਾਂ ਕਰਨ ਲਈ ਮਜ਼ਬੂਰ ਨਾ ਹੋਣ ਅਤੇ ਆਤਮ ਨਿਰਭਰ ਹੋਣ- ਇਨ੍ਹਾਂ ਸਾਰੇ ਨੁਕਤਿਆਂ ਤੇ ਅਗਲੇ ਪਰਚੇ ਵਿੱਚ ਚਰਚਾ ਕਰਾਂਗੇ॥

**- ਹਰਪਾਲ ਸਿੰਘ 'ਸੇਵਕ'**

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
# ਦਾ
# ਪ੍ਰਕਾਸ਼-ਸ਼ਤਾਬਦੀ ਮੇਲਾ

**(25 ਤੋਂ 30 ਨਵੰਬਰ 2020, ਸ੍ਰੀ ਭੈਣੀ ਸਾਹਿਬ)**

**ਸ੍ਰੀ ਭੈਣੀ ਸਾਹਿਬ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਸਥਾਪਤ ਕੀਤੇ ਨਾਮਧਾਰੀ ਸੰਤ ਖ਼ਾਲਸਾ ਨੂੰ ਵੀਂਹਵੀਂ ਸਦੀ ਵਿੱਚ ਬੁਲੰਦੀਆਂ ਤੇ ਪਹੁੰਚਾਉਣ ਵਾਲੇ ਅਤੇ ਇਸ ਦੀ ਸ਼ੋਭਾ ਤੇ ਰੂਹੇ-ਰਵਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰਕਾਸ਼ ਸ਼ਤਾਬਦੀ ਦਾ ਮੇਲਾ ਵਰਤਮਾਨ ਸਤਿਗੁਰੂ ਉਦੇ ਸਿੰਘ ਜੀ ਦੀ ਰਹਿਨੁਮਾਈ ਹੇਠ 25 ਤੋਂ 30 ਨਵੰਬਰ 2020 ਦੌਰਾਨ ਸ੍ਰੀ ਭੈਣੀ ਸਾਹਿਬ ਵਿਖੇ ਨਾਮਧਾਰੀ ਸਿੱਖ ਸੰਗਤ ਵਲੋਂ ਅਪੂਰਵ ਉਤਸ਼ਾਹ, ਸ਼ਰਧਾ ਅਤੇ ਸਤਿਕਾਰ ਸਹਿਤ ਮਨਾਇਆ ਗਿਆ। ਇਹ ਛੇ ਦਿਨਾਂ ਸ਼ਤਾਬਦੀ ਮੇਲਾ ਕੱਤਕ ਸੁਦੀ ਇਕਾਦਸ਼ੀ (25 ਨਵੰਬਰ) ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਪੁਰਬ ਤੋਂ ਅਰੰਭ ਹੋ ਕੇ ਕੱਤਕ ਦੀ ਪੂਰਨਮਾਸ਼ੀ (30 ਨਵੰਬਰ) ਸਾਹਿਬ ਸਤਿਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਸੰਪੂਰਨ ਹੋਇਆ।** 29 ਨਵੰਬਰ ਨੂੰ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ 551ਵੇਂ ਪ੍ਰਕਾਸ਼-ਪੁਰਬ ਨੂੰ ਮੁੱਖ ਰੱਖਦੇ ਹੋਏ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤੇ ਗਏ ਜਿਨ੍ਹਾਂ ਵਿੱਚ ਕੁਝ ਪ੍ਰਮੁੱਖ ਵਿਦਵਾਨਾਂ ਅਤੇ ਵੱਖ-ਵੱਖ ਸਿੱਖ ਸੰਪਰਦਾਵਾਂ ਦੇ ਮੌਜੂਦਾ ਮੁਖ਼ੀਆਂ ਨੇ ਸੰਗਤ ਦੇ ਰੂ-ਬ-ਰੂ ਬਹੁਤ ਹੀ ਉੱਤਮ ਵਖਿਆਨ ਤੇ ਵਿਚਾਰ ਪੇਸ਼ ਕੀਤੇ।

24 ਨਵੰਬਰ ਦੀ ਸ਼ਾਮ ਤੋਂ ਹੀ ਸਾਰਾ ਸ੍ਰੀ ਭੈਣੀ ਸਾਹਿਬ ਰੌਸ਼ਨੀ ਨਾਲ ਜਗਮਗਾਉਂਦਾ ਰਿਹਾ। ਚੁਤਰਫ਼ੇ ਫੁੱਲਾਂ ਦੀਆਂ ਕਿਆਰੀਆਂ ਅਤੇ ਵਿਸ਼ੇਸ਼ ਸਾਫ਼-ਸਫ਼ਾਈ ਦੀ ਵਿਵਸਥਾ ਸ੍ਰੀ ਭੈਣੀ ਸਾਹਿਬ ਦੇ ਕੁਦਰਤੀ ਵਾਤਾਵਰਨ ਨੂੰ ਹੋਰ ਚਾਰ-ਚੰਨ ਲਾ ਰਹੀ ਸੀ। ਪਿਛਲੇ 8-9 ਮਹੀਨਿਆਂ ਤੋਂ ਜਾਰੀ ਕੋਰੋਨਾ ਮਹਾਂਮਾਰੀ ਦੀ ਕਰੋਪੀ ਨੂੰ ਧਿਆਨ ਵਿੱਚ ਰੱਖਦੇ ਹੋਏ ਵੱਖੋ-ਵੱਖ ਇਲਾਕਿਆਂ ਦੀ ਸੰਗਤ ਨੂੰ ਵੱਖ-ਵੱਖ ਦਿਨੀਂ ਪਹੁੰਚਣ ਲਈ ਤੇ ਪੂਰੀ ਸਾਵਧਾਨੀ ਵਰਤਣ ਦੇ ਹੁਕਮ ਅਗਾਊਂ ਹੀ ਸੰਗਤਾਂ ਤੱਕ ਪਹੁੰਚਾਅ ਦਿੱਤੇ ਗਏ ਸਨ। ਫਿਰ ਵੀ ਆਖ਼ਰੀ ਦੋ ਦਿਨ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਪਹੁੰਚ ਕੇ ਮੇਲੇ ਦੀ ਰੌਣਕ ਨੂੰ ਵਧਾਇਆ।

ਸਮੁੱਚੇ ਸਿੱਖ-ਪੰਥ ਦੇ ਸੰਸਥਾਪਕ ਸਤਿਗੁਰੂ ਨਾਨਕ ਦੇਵ ਜੀ ਨੇ ਆਪਣੀ ਜਗਹ ਗੁਰੂ ਅੰਗਦ ਦੇਵ ਜੀ ਨੂੰ ਸਥਾਪਿਤ ਕਰਕੇ ਜੋ ਗੁਰੂ-ਪੀੜ੍ਹੀ ਦੀ ਰੀਤ ਤੋਰੀ। ਓਸੇ ਦੀ ਬਦੌਲਤ ਮਾਨਵਤਾ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਨਿਕਟਤਾ ਅਤੇ ਪਿਆਰ-ਛੁਹ ਮਾਨਣ ਦਾ ਅਵਸਰ ਪ੍ਰਾਪਤ ਹੋਇਆ। ਲੱਖਾਂ-ਕਰੋੜਾਂ ਮਨੁੱਖਾਂ ਨੇ ਦੇਸ਼ ਤੇ ਵਿਦੇਸ਼ਾਂ ਵਿੱਚ ਅੱਧੀ ਸਦੀ ਤੋਂ ਵੱਧ ਆਪ ਜੀ ਦੀ ਸਰਬ-ਪੱਖੀ ਸ਼ਖ਼ਸੀਅਤ, ਸਰਬਗੁਣ-ਸੰਪੰਨ ਵਿਅਕਤੀਤਵ ਦਾ ਨਿੱਘ ਵੀ ਮਾਣਿਆ ਅਤੇ ਉਸ ਤੋਂ ਪ੍ਰੇਰਿਤ ਹੋ ਕੇ ਗੁਰਸਿੱਖੀ ਅਤੇ ਉੱਚ ਇਨਸਾਨੀ ਕਦਰਾਂ-ਕੀਮਤਾਂ ਨੂੰ ਅਪਣਾ ਕੇ ਆਪਣੇ ਮਨੁੱਖਾ-ਜਨਮ ਨੂੰ ਸਫ਼ਲ ਬਣਾਇਆ। **ਜੀਵਨ ਦੇ ਹਰ ਖੇਤਰ ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਵੀਆਂ ਪੈੜਾਂ ਪਾਈਆਂ ਅਤੇ ਮਨੁੱਖਤਾ ਲਈ ਪਰਉਪਕਾਰੀ ਕੀਰਤੀਮਾਨ ਸਥਾਪਤ ਕੀਤੇ। ਆਪ ਜੀ ਨੇ ਸਤਿਗੁਰੂ ਨਾਨਕ ਦੇਵ ਜੀ ਸਮੇਂ ਤੋਂ ਪ੍ਰਚਲਿੱਤ ਤੰਤੀ ਸਾਜ਼ਾਂ ਨਾਲ ਕੀਰਤਨ ਕਰਨ ਦੀ ਪ੍ਰੰਪਰਾ ਨੂੰ ਨਾ ਸਿਰਫ਼ ਸੰਭਾਲਿਆ ਹੈ ਸਗੋਂ ਵਿਸਥਾਰਿਆ ਵੀ ਹੈ। ਆਪ ਜੀ ਦੀ ਸੋਚ, ਜੀਵਨ ਦਾ ਘੇਰਾ ਇਤਨਾ ਉੱਚਾ, ਵਸੀਹ ਤੇ ਵਿਸ਼ਾਲ ਸੀ ਕਿ ਵੱਡੇ ਵੱਡੇ ਵਿਚਾਰਵਾਨ ਅਤੇ ਸੰਜੀਦਾ ਇਨਸਾਨ ਵੀ ਆਚੰਭਿਤ ਹੁੰਦੇ ਹਨ ਕਿ ਸਤਿਗੁਰੂ ਜਗਜੀਤ ਸਿੰਘ ਜੀ ਇੱਕੋ ਸਮੇਂ, ਅਧਿਆਤਮਵਾਦੀ, ਸੂਖ਼ਮਭਾਵੀ, ਸ਼ਾਸਤ੍ਰੀ ਸੰਗੀਤ ਕਲਾ ਵਿੱਚ ਨਿਪੁੰਨ, ਪੰਜਾਬੀ ਭਾਸ਼ਾ ਦੀ ਉੱਨਤੀ ਦੇ ਅਲੰਬਰਦਾਰ, ਸ਼ਾਕਾਹਾਰ, ਸਾਂਝੀ-ਵਾਲਤਾ ਅਤੇ ਸੰਸਾਰ ਅਮਨ ਮਿਸ਼ਨ ਆਦਿ ਵਾਸਤੇ ਅਣਥੱਕ ਕਰਮਯੋਗੀ ਕਿਵੇਂ ਬਣੇ।**

**ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰੈਕਟੀਕਲ ਜੀਵਨ ਦੀਆਂ ਅਨੇਕ ਪਰਤਾਂ ਤੇ ਅਦਭੁੱਤ ਸਖ਼ਸ਼ੀਅਤ ਨੂੰ ਪੇਸ਼ ਕਰਦੇ ਪ੍ਰੋਗਰਾਮ ਇਸ ਪ੍ਰਕਾਸ਼-ਸ਼ਤਾਬਦੀ ਸਮਾਰੋਹ ਵਿੱਚ ਵੇਖਣ-ਸੁਣਨ ਨੂੰ ਮਿਲੇ। ਜਿਸ ਜਿਸ ਪ੍ਰਾਣੀ ਨੇ ਵੀ ਇਸ ਸਮਾਰੋਹ ਨੂੰ ਮਾਣਿਆ ਹੈ ਉਸਦੇ ਮੂੰਹੋਂ ਆਪ ਮੁਹਾਰੇ ਵਾਹ, ਬੇਅੰਤ ਪਾਤਸ਼ਾਹ ! ਅਤੇ ਧੰਨ ਸਤਿਗੁਰੂ ਜਗਜੀਤ**

**ਸਿੰਘ ਜੀ! ਸੁਣਨ ਨੂੰ ਮਿਲਿਆ।** ਅਦਾਰਾ 'ਸਤਿਜੁਗ' ਇਸ ਵਿਸਤਰਿਤ ਰਿਪੋਰਟ ਰਾਹੀਂ ਪਾਠਕਾਂ ਸਾਹਵੇਂ ਇਸ ਸ਼ਤਾਬਦੀ ਸਮਾਰੋਹ ਦੇ ਵਿਵਿਧ ਤੇ ਵਿਲੱਖਣ ਪ੍ਰਦਰਸ਼ਨਾਂ ਨੂੰ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਸਦਕਾ ਸ਼ਬਦਾਂ ਵਿੱਚ ਰੂਪਮਾਨ ਕਰਨ ਦਾ ਇਕ ਨਿਮਾਣਾ ਜਿਹਾ ਉਪਰਾਲਾ ਕਰ ਰਿਹਾ ਹੈ। ਅਸੀਂ ਆਸ ਕਰਦੇ ਹਾਂ ਕਿ ਸੁਹਿਰਦ ਪਾਠਕ-ਜਨ ਇਸਦਾ ਸਮੁੱਚਾ ਅਨੰਦ ਮਾਣਨਗੇ।

**25 ਨਵੰਬਰ 2020, 11 ਮੱਘਰ 2077 ਬ੍ਰਿ: ਬੁੱਧਵਾਰ**

ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਰਸਭਿੰਨਾ ਕੀਰਤਨ ਪ੍ਰਤਾਪ ਮੰਦਰ ਦੇ ਵਿਸ਼ਾਲ ਹਾਲ ਅੰਦਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਉਪਸਥਿਤੀ ਵਿੱਚ ਹਜ਼ੂਰੀ ਰਾਗੀ ਸੰਤ ਬਲਵੰਤ ਸਿੰਘ, ਸਰਮੁਖ ਸਿੰਘ (ਦਿਲਰੁਬਾ), ਈਸ਼ਰ ਸਿੰਘ (ਤਾਰਸ਼ਹਿਨਾਈ), ਹਰਪ੍ਰੀਤ ਸਿੰਘ ਸੋਨੂੰ ਅਤੇ ਹਰਨਾਮ ਸਿੰਘ (ਤਬਲਾ) ਦੁਆਰਾ ਕੀਤਾ ਗਿਆ। ਅੱਜ ਕੱਤਕ ਸੁਦੀ ਇਕਾਦਸ਼ੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼-ਦਿਵਸ ਹੈ ਇਸ ਲਈ ਰਾਗੀ ਸਿੰਘਾਂ ਨੇ ਗੁਰਬਾਣੀ ਅੰਦਰ ਆਏ 'ਵਧਾਈ' ਦੇ ਕੁਝ ਸ਼ਬਦ ਵੀ ਗਾਇਨ ਕੀਤੇ।

**ਸੁਖਵਿੰਦਰ ਸਿੰਘ ਲਾਇਲ**: ਆਸਾ ਦੀ ਵਾਰ ਦੇ ਮਨੋਹਰ ਕੀਰਤਨ ਤੋਂ ਬਾਅਦ ਸ਼ਤਾਬਦੀ ਮੇਲੇ ਦਾ ਪਹਿਲਾ ਵਖਿਆਨ ਸੁਖਵਿੰਦਰ ਸਿੰਘ ਲਾਇਲ ਦਾ ਭਾਵਪੂਰਤ ਅਤੇ ਪ੍ਰੇਮ-ਰਸ ਪਰੁੱਚਾ ਸੀ। 'ਅੱਜ ਦਿਉ ਵਧਾਈਆਂ ਜੀ, ਮੇਰਾ ਗੁਰੂ ਜਗਜੀਤ ਹੈ ਆਇਆ।' ਧਾਰਨਾ ਨਾਲ ਅਰੰਭ ਕਰਕੇ ਲਾਇਲ ਜੀ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਬਚਪਨ ਅਤੇ ਯੁਵਾ ਅਵਸਥਾ ਦੀਆਂ ਕਥਾਵਾਂ ਦਾ ਸੰਖੇਪ ਵਿੱਚ ਜ਼ਿਕਰ ਕਰਕੇ ਆਪ ਜੀ ਦੀ ਬਹੁ-ਪੱਖੀ ਸ਼ਖ਼ਸੀਅਤ ਬਾਰੇ ਕੁਝ ਸਾਖੀਆਂ ਸੰਗਤਾਂ ਨਾਲ ਸਾਂਝੀਆਂ ਕੀਤੀਆਂ। ਆਪ ਦੇ ਵਖਿਆਨ ਦਾ ਸੰਖੇਪ ਸਾਰ ਹੈ:

ਪਿਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਮਾਤਾ ਭੁਪਿੰਦਰ ਕੌਰ ਜੀ ਦੇ ਗ੍ਰਹਿ ਵਿਖੇ ਕੱਤਕ ਸੁਦੀ ਇਕਾਦਸ਼ੀ 8 ਮੱਘਰ 1977 ਬਿ. (1920 ਈ.) ਸ੍ਰੀ ਭੈਣੀ ਸਾਹਿਬ ਸਾਹਿਬਜ਼ਾਦਾ ਬੇਅੰਤ ਜੀ ਦਾ ਪ੍ਰਕਾਸ਼ ਹੋਇਆ। ਨਾਨੀ ਬੇਬੇ ਰਾਮ ਕੌਰ ਜੀ ਨੇ ਗੁੜ੍ਹਤੀ ਦਿੱਤੀ, ਨਾਮ ਜਗਜੀਤ ਸਿੰਘ ਰੱਖਿਆ, ਮਣਾਂ ਮੂੰਹੀਂ ਗੁੜ ਪ੍ਰਸ਼ਾਦ ਵਰਤਾਇਆ ਗਿਆ, ਬੇਅੰਤ ਖੁਸ਼ੀਆਂ ਹੋਈਆਂ, ਸੰਗਤਾਂ ਸਾਹਿਬਜ਼ਾਦੇ ਨੂੰ 'ਬੇਅੰਤ ਜੀ, ਕਹਿ ਕੇ ਪਿਆਰਦੀਆਂ, ਸਤਿਕਾਰਦੀਆਂ। ਆਪ ਜੀ ਨੇ ਜੀਵਨ ਦੇ ਮੁੱਢਲੇ 39 ਵਰ੍ਹੇ ਗੁਰੂ ਹੁਕਮ ਦੀ ਕਾਰ ਵਿੱਚ ਰਹਿੰਦਿਆਂ ਪੂਰਨ ਗੁਰ-ਸਿੱਖ ਵਾਂਗ ਬਿਤਾਏ। ਦੇਸ਼ ਦੀ ਵੰਡ ਵੇਲੇ 1947 ਈ. ਵਿੱਚ ਪਿਤਾ ਸਤਿਗੁਰੂ ਦੇ ਹੁਕਮ ਅਨੁਸਾਰ ਪੱਛਮੀਂ ਪੰਜਾਬ ਵਿੱਚੋਂ ਸਿੱਖਾਂ ਨੂੰ ਸੁਰੱਖਿਅਤ ਕੱਢ ਕੇ ਲਿਆਉਣਾ ਅਤੇ ਉਨ੍ਹਾਂ ਦੇ ਮੁੜ ਵਸੇਬੇ ਵਿੱਚ ਬੇਅੰਤ-ਪਾਤਸ਼ਾਹ ਨੇ ਅਹਿਮ ਭੂਮਿਕਾ ਨਿਭਾਈ। **ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਉਪਰੰਤ 1959 ਈ. ਵਿੱਚ ਆਪ ਜੀ ਨੇ ਸਤਿਗੁਰੂ ਰੂਪ ਵਿੱਚ ਨਾਮਧਾਰੀ ਪੰਥ ਦੀ ਵਾਗ ਡੋਰ ਸੰਭਾਲੀ ਅਤੇ ਅੱਧੀ ਸਦੀ ਤੋਂ ਵੱਧ ਸਮਾਂ ਕੇਵਲ ਨਾਮਧਾਰੀ ਪੰਥ ਦੀ ਹੀ ਨਹੀਂ ਸਗੋਂ ਸਮੁੱਚੀ ਮਾਨਵਤਾ ਦੀ ਅਗਵਾਈ ਕੀਤੀ। ਸਤਿਗੁਰੂ ਜਗਜੀਤ ਸਿੰਘ ਜੀ ਦਾ ਸਮਾਂ ਨਾਮਧਾਰੀ ਪੰਥ ਦਾ ਸੁਵਰਨ ਯੁਗ ਕਿਹਾ ਜਾ ਸਕਦਾ ਹੈ। ਆਪ ਜੀ ਬੱਚਿਆਂ ਨੂੰ ਮਾਪਿਆਂ ਵਾਂਗ ਨਿਵਾਜਦੇ, ਨੌਜੁਆਨਾਂ ਦਾ ਮਾਰਗ ਦਰਸ਼ਨ ਕਰਦੇ ਅਤੇ ਬਿਰਧਾਂ ਦਾ ਸਹਾਰਾ ਸਨ।** ਅਨੇਕਾਂ ਘਟਨਾਵਾਂ ਹਨ- ਜਿਵੇਂ ਇੱਕ ਵੇਰ ਮੱਧ ਪ੍ਰਦੇਸ਼ ਦੌਰੇ ਸਮੇਂ ਆਪ ਜੀ ਦੀ ਹਜ਼ੂਰੀ ਵਿੱਚ ਕੀਰਤਨ ਹੋ ਰਿਹਾ ਸੀ। ਸਾਹਮਣੇ ਸੰਗਤ ਵਿੱਚ ਬੈਠਾ ਛੇ ਕੁ ਸਾਲ ਦਾ ਬੱਚਾ ਗੋਡਿਆਂ ਤੇ ਲਗਾਤਾਰ ਤਬਲੇ ਵਾਂਗ ਹੱਥ ਮਾਰ ਰਿਹਾ ਸੀ। ਕੀਰਤਨ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਉਸ ਬੱਚੇ ਨੂੰ ਪਾਸ ਬੁਲਾਇਆ। ਆਪਣੇ ਨਾਲ ਗੱਡੀ ਵਿੱਚ ਬਿਠਾ ਕੇ ਉਸਦੇ ਅੱਗੇ ਬਰੀਫ ਕੇਸ ਰੱਖਕੇ ਕਿਹਾ, "ਐਹਦੇ ਤੇ ਉਵੇਂ ਹੀ ਤਬਲਾ ਵਜਾ ਕੇ ਵਿਖਾ ਜਿਵੇਂ ਗੋਡਿਆਂ ਤੇ ਵਜਾ ਰਿਹਾ ਸੈਂ। ਉਸ ਨੇ ਕਿਹਾ, ਪਾਤਸ਼ਾਹ ਜੀ ਮੇਰੇ ਡੱਬੇ, ਮੇਰੇ ਘਰ ਹਨ, ਉਨ੍ਹਾਂ ਤੇ ਵਜਾ ਕੇ ਵਖਾਵਾਂਗਾ। ਸ੍ਰੀ ਸਤਿਗੁਰੂ ਜੀ ਆਪਣਾ ਮਿਥਿਆ ਪ੍ਰੋਗਰਾਮ ਬਦਲ ਕੇ ਗਵਾਲੀਅਰ ਉਸਦੇ ਘਰ ਆਏ, ਸੰਗੀਤ ਸਭਾ ਆਯੋਜਿਤ ਕੀਤੀ ਗਈ, ਛੋਟੇ ਜਿਹੇ ਬੱਚੇ ਨੇ ਆਪਣੇ ਛੋਟੇ-ਛੋਟੇ ਟੀਨ ਦੇ ਡੱਬਿਆਂ ਤੇ ਤਬਲੇ ਵਾਂਗ ਹੱਥ ਮਾਰਦਿਆਂ ਗੀਤ ਗਾਇਆ....

'ਕਰ ਬੰਦਨਾਂ ਗੁਰੂ ਨਾਨਕ ਨੂੰ,
ਕੱਟੀ ਜਾਊਗੀ ਚੁਰਾਸੀ ਤੇਰੀ॥'

ਪਾਤਸ਼ਾਹ ਜੀ ਖੁਸ਼ੀਆਂ ਬਖਸ਼ੀਆਂ, ਬੱਚੇ ਦੇ ਮਾਪਿਆਂ ਨੂੰ ਆਖਿਆ ਇਹਨੂੰ ਸੰਗੀਤ ਸਿਖਾਉਣਾ ਸ਼ੁਰੂ ਕਰੋ, ਅੱਜ ਤੋਂ ਇਹ ਮੇਰਾ ਹੋਇਆ। ਕੁਝ ਵੱਡਾ ਹੋ ਜਾਵੇਗਾ, ਇਸਨੂੰ ਮੈਂ ਭੈਣੀ ਸਾਹਿਬ ਲੈ ਜਾਣਾ ਹੈ। ਇਹ ਬੱਚਾ ਸੀ ਜਿਸਨੂੰ ਅਸੀਂ ਹੁਣੇ ਆਸਾ ਦੀ ਵਾਰ ਵਿੱਚ ਸੁਣਿਆ, ਵੇਖਿਆ ਹੈ- ਹਜ਼ੂਰੀ ਰਾਗੀ ਪ੍ਰਸਿੱਧ ਤਬਲਾ ਵਾਦਕ ਹਰਪ੍ਰੀਤ ਸਿੰਘ ਸੋਨੂੰ। ਇਸ ਤਰ੍ਹਾਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ਿਸ਼







ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਮਨਮੋਹਕ ਤਸਵੀਰਾਂ ਵਾਲਾ ਲੋਗੋ ਅਤੇ
ਪ੍ਰਕਾਸ਼ ਸ਼ਤਾਬਦੀ ਨੂੰ ਸਮਰਪਿਤ ਰੰਗੋਲੀ ਬਣਾਉਣ ਵਾਲੀਆਂ ਪੱਦੀ ਖਾਲਸਾ ਤੋਂ ਬੱਚੀਆਂ
1. ਸਤਿੰਦਰ ਕੌਰ 2. ਰਮਨਦੀਪ ਕੌਰ 3. ਸਿਮਰਨ ਕੌਰ 4. ਹਰਲੀਨ ਕੌਰ

## ਸਤਿਗੁਰੂ ਜਗਜੀਤ ਸਿੰਘ ਪ੍ਰਕਾਸ਼ ਸ਼ਤਾਬਦੀ ਮੇਲੇ ਦੀਆਂ ਝਲਕੀਆਂ

25-11-2020, ਸ੍ਰੀ ਭੈਣੀ ਸਾਹਿਬ




ਕੀਰਤਨ, ਭਾਸ਼ਨ, ਹੱਲੇ ਦੇ ਦੀਵਾਨ ਅਤੇ ਨਾਮਧਾਰੀ ਕਲਾ ਕੇਂਦਰ ਦੇ ਬੱਚਿਆਂ ਦਾ ਸੰਗੀਤ ਪ੍ਰੋਗਰਾਮ।

ਸੂਰਜ ਦੀ ਰੌਸ਼ਨੀ-ਨਿੱਘ ਅਤੇ ਵਰਖਾ ਦੇ ਪਾਣੀ ਵਾਂਗ ਸਭ ਵਾਸਤੇ ਸਾਂਝੀ ਸੀ। ਆਪ ਜੀ ਦੀ ਰਹਿਨੁਮਾਈ ਸਦਕਾ ਨਾਮਧਾਰੀ ਨੌਜੁਆਨਾਂ ਨੇ ਸਾਹਿਤ, ਸੰਗੀਤ, ਖੇਡਾਂ, ਖੇਤੀ, ਬਾਗਬਾਨੀ ਆਦਿ ਹਰ ਖੇਤਰ ਵਿੱਚ ਬੁਲੰਦੀਆਂ ਹਾਸਿਲ ਕੀਤੀਆਂ। ਸੁਖਵਿੰਦਰ ਸਿੰਘ ਜੀ ਨੇ ਅਜੇਹੀਆਂ ਛੋਟੀਆਂ-ਛੋਟੀਆਂ ਕਈ ਸਾਖੀਆਂ ਸੁਣਾ ਕੇ, ਗੁਰੂ ਜੱਸ ਕਰਦਿਆਂ, ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਯਾਦਾਂ ਤਾਜ਼ਾ ਕੀਤੀਆਂ।

**ਹੱਲੇ ਦੇ ਦੀਵਾਨ-** ਅੱਜ ਸਵੇਰ ਦੇ ਦੀਵਾਨਾਂ ਦੀ ਸ਼ੁਰੂਆਤ ਜਥੇਦਾਰ ਪਿਆਰਾ ਸਿੰਘ (ਸਪੁੱਤਰ ਜਥੇਦਾਰ ਪਾਲਾ ਸਿੰਘ) ਸ੍ਰੀ ਭੈਣੀ ਸਾਹਿਬ ਨੇ ਕੀਤੀ। ਇਸ ਨੌਜਵਾਨ ਜਥੇਦਾਰ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਬਚਪਨ ਸਮੇਂ ਦੀਆਂ ਸਾਖੀਆਂ ਸੁਣਾਈਆਂ ਤੇ ਜ਼ਿਕਰ ਕੀਤਾ ਕਿ ਸ੍ਰੀ ਬੇਅੰਤ ਜੀ ਦੇ ਸਹਿਜ-ਸੁਭਾਅ ਕੀਤੇ ਬਚਨ ਸਦਕਾ, ਦੇਸ਼-ਵੰਡ ਤੋਂ ਪਹਿਲਾਂ ਸੰਤ ਕਰਮ ਸਿੰਘ ਦੇ ਦੋ ਪੁੱਤਰ ਜੋ ਅਦਾਲਤ ਵਲੋਂ ਫ਼ਾਂਸੀ ਦੀ ਸਜ਼ਾ ਦੇ ਹੁਕਮ ਹੋ ਜਾਣ ਕਾਰਨ ਜੇਲ੍ਹ ਅੰਦਰ ਬੰਦ ਸਨ, ਰਿਹਾਅ ਹੋ ਗਏ ਸਨ।

**ਸੂਬਾ ਨਿਰਜੰਨ ਸਿੰਘ ਟਮਕੌਂਦੀ** ਨੇ 'ਤੇਰੇ ਕਵਣੁ ਕਵਣੁ ਗੁਣ ਗਾਵਾਂ ਗੁਰੂ ਜਗਜੀਤ ਸਿੰਘ ਜੀਓ' ਧਾਰਨਾ ਅਧੀਨ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਲੱਖਣ ਗੁਣਾਂ ਦਾ ਭਾਵਪੂਰਤ ਜ਼ਿਕਰ ਕੀਤਾ।

**ਜਥੇਦਾਰ ਬਲਬੀਰ ਸਿੰਘ** ਨੇ ਇਕ ਧਾਰਨਾ 'ਆਉ ਰਲ ਕੇ ਕਰੀਏ ਸਿਜਦਾ ਗੁਰੂ ਜਗਜੀਤ ਪਿਆਰੇ ਨੂੰ' ਗਾ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਉਪਕਾਰਾਂ ਦਾ ਵਰਨਣ ਕੀਤਾ।

**ਜਥੇਦਾਰ ਹਰਪਾਲ ਸਿੰਘ** ਸ੍ਰੀ ਭੈਣੀ ਸਾਹਿਬ ਨੇ 'ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦਵਾਰ' ਧਾਰਨਾ ਗਾ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਸਤਿਗੁਰੂ ਨਾਨਕ ਦੇਵ ਜੀ ਵਾਂਗ 'ਜਿਨ ਮਾਨਸ ਤੇ ਦੇਵਤੇ ਕੀਏ' ਕਈ ਰਾਕਸ਼ ਬੁੱਧੀ ਵਾਲੇ ਬੰਦਿਆਂ ਨੂੰ ਦੇਵਤੇ ਬਣਾਉਣ ਦੀਆਂ ਸਾਖੀਆਂ ਸੁਣਾਈਆਂ।

**ਕਵੀਸ਼ਰ ਗੁਰਸੇਵਕ ਸਿੰਘ** ਨੇ ਆਪਣੇ ਜਥੇ ਦੇ ਸਾਥੀਆਂ ਮੱਲ ਸਿੰਘ ਅਤੇ ਗੁਰਮੀਤ ਸਿੰਘ ਸਹਿਤ ਇੱਕ ਕਵੀਸ਼ਰੀ ਪ੍ਰਸੰਗ ਸੁਣਾਇਆ ਜਿਸ ਅਨੁਸਾਰ ਦਿੱਲੀ ਦੇ ਇੱਕ ਸਿੱਖ ਸੁਦਾਗਰ ਸਿੰਘ ਜਿਸ ਦੀਆਂ ਅੱਖਾਂ ਦੀ ਜੋਤ ਜਾ ਚੁੱਕੀ ਸੀ, ਸਤਿਗੁਰੂ ਜਗਜੀਤ ਸਿੰਘ ਜੀ ਦੇ ਅਸ਼ੀਰਵਾਦ ਸਦਕਾ ਉਸਨੂੰ ਅੱਖਾਂ ਦੀ ਰੌਸ਼ਨੀ ਵਾਪਸ ਮਿਲ ਗਈ।

**ਜਥੇਦਾਰ ਨਿਸ਼ਾਨ ਸਿੰਘ ਦਿੱਲੀ** ਨੇ ਭਗਤ ਕਬੀਰ ਜੀ ਦੇ ਸ਼ਬਦ 'ਜਹਾ ਖਿਮਾ ਤਹਾ ਆਪਿ' ਟੇਕ ਲੈ ਕੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਖਿਮਾ ਗੁਣ ਦਾ ਵਖਿਆਨ ਕੀਤਾ।

**ਨਿੱਤਨੇਮ ਅਤੇ ਪਿਛਲੇ ਪਹਿਰ ਦਾ ਦੀਵਾਨ –** ਬਾਅਦ ਦੁਪਹਿਰ 2 ਤੋਂ 3 ਵਜੇ ਦੌਰਾਨ ਨਾਮ-ਸਿਮਰਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਹੋਇਆ।

ਉਪਰੰਤ ਰਾਗੀ ਬਲਵੰਤ ਸਿੰਘ ਤੇ ਸਰਮੁੱਖ ਸਿੰਘ (ਦਿਲਰੁਬਾ), ਹਰਪ੍ਰੀਤ ਸਿੰਘ ਸੋਨੂੰ (ਤਬਲਾ) ਅਤੇ ਸਾਥੀਆਂ ਨੇ ਰਸ-ਭਿੰਨਾ ਕੀਰਤਨ ਕੀਤਾ। ਮੰਗਲਾਚਰਣ ਦਾ ਸ਼ਬਦ 'ਧੰਨੁ ਸੁ ਦਿਨਸੁ ਸੰਜੋਗੜਾ ਜਿਤੁ ਡਿਠਾ ਗੁਰ ਦਰਸਾਰੁ' ਗਾਇਨ ਕਰਕੇ, ਰਾਗੀ ਸਿੰਘਾਂ ਨੇ ਪਹਿਲਾਂ ਸ੍ਰੀ ਦਸਮੇਸ਼ ਜੀ ਦੀ ਬਾਣੀ ਕ੍ਰਿਸ਼ਨਾਵਤਾਰ 'ਚੋਂ ਸ਼ਬਦ ਗਾਇਨ ਕੀਤਾ-

ਕਾਲ ਪੁਰਖੁ ਕੇ ਬਚਨ ਤੇ ਸੰਤਨ ਹੇਤ ਸਹਾਇ॥
ਮਥਰਾ ਮੰਡਲ ਕੇ ਬਿਖੈ ਜਨਮ ਧਰਯੋ ਹਰਿ ਰਾਇ॥

ਰਾਗੀ ਬਲਵੰਤ ਸਿੰਘ ਜੀ ਨੇ ਸੰਗਤ ਨੂੰ ਦੱਸਿਆ ਕਿ ਇਸ ਸ਼ਬਦ ਦੀ ਬੰਦਿਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਗਵਾਲੀਅਰ ਦੌਰੇ ਤੋਂ ਵਾਪਸ ਮਥੁਰਾ 'ਚੋਂ ਲੰਘਦੇ ਹੋਇਆਂ ਰਾਗ ਪੂਰੀਆ ਕਲਿਆਣ, ਪੌਣੇ ਗਿਆਰਾਂ ਮਾਤਰਾ ਵਿੱਚ ਤਿਆਰ ਕੀਤੀ ਸੀ।

ਦੂਸਰਾ ਸ਼ਬਦ ਸੀ-

ਸਗਲ ਇਛ ਮੇਰੀ ਪੁੰਨੀਆ ਮਿਲਿਆ ਨਿਰੰਜਨ ਰਾਇ ਜੀਉ॥

ਅਨਦੁ ਭਇਆ ਵਡਭਾਗੀਹੋ ਗ੍ਰਿਹਿ ਪ੍ਰਗਟੇ ਪ੍ਰਭ ਆਇ ਜੀਉ॥

ਅਰਦਾਸ ਉਪਰੰਤ ਸੂਬਾ ਬਲਵਿੰਦਰ ਸਿੰਘ ਝੱਲ ਨੇ ਸਾਧ-ਸੰਗਤ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ 'ਸ਼ਾਮ ਦਾ ਪ੍ਰੋਗਰਾਮ ਪ੍ਰਤਾਪ ਮੰਦਰ ਦੇ ਬਾਹਰ ਲੱਗੇ ਪੰਡਾਲ ਵਿੱਚ ਸ਼ਾਮੀ 6:30 ਵਜੇ ਤੋਂ ਅਰੰਭ ਹੋਵੇਗਾ ਜਿਸ ਵਿੱਚ ਨਾਮਧਾਰੀ ਕਲਾ ਕੇਂਦਰ ਦੇ ਸਿਖਿਆਰਥੀ ਬੱਚੇ ਸੰਗੀਤ-ਵਾਦਨ ਤੇ ਸ਼ਬਦ-ਗਾਇਨ ਪੇਸ਼ ਕਰਨਗੇ।

**ਨਾਮਧਾਰੀ ਕਲਾ ਕੇਂਦਰ ਸ੍ਰੀ ਭੈਣੀ ਸਾਹਿਬ ਦੇ ਸਿਖਿਆਰਥੀਆਂ ਦਾ ਪ੍ਰਦਰਸ਼ਨ:** ਸ੍ਰੀ ਸਤਿਗੁਰੂ ਜੀ ਦੀ ਪਾਵਨ ਹਜ਼ੂਰੀ ਵਿੱਚ ਇਨ੍ਹਾਂ ਬੱਚਿਆਂ (ਗਾਇਕ ਰਾਜਾ ਸਿੰਘ, ਗੁਰਦੇਵ ਸਿੰਘ, ਆਸਾ ਸਿੰਘ, ਬਲਜੀਤ ਸਿੰਘ, ਗੰਗਾ ਸਿੰਘ, ਮਹਿਤਾਬ ਸਿੰਘ, ਰਤਨ ਸਿੰਘ ਤੇ ਰਛਪਾਲ ਸਿੰਘ ਤਬਲਾ, ਗੰਗਾ ਸਿੰਘ ਦਿਲਰੁਬਾ) ਨੇ ਰਾਗੀ ਬਲਵੰਤ ਸਿੰਘ ਜੀ ਦੀ ਅਗਵਾਈ ਵਿੱਚ ਸਭ ਤੋਂ ਪਹਿਲਾਂ ਰਾਗ ਮਾਲਕੌਂਸ ਵਿੱਚ

ਬੰਦਿਸ਼ ਗਾਇਨ ਕੀਤੀ–

'ਨੀਰ ਭਰਨ ਮੈਂ ਤੋ ਚਲੀ ਜਾਤ ਹੂੰ।'

ਉਪਰੰਤ, ਇਨ੍ਹਾਂ ਬੱਚਿਆਂ ਨੇ ਰਾਗ ਮਾਲਕੌਂਸ ਵਿਚ ਹੀ ਤਰਾਨਾ ਪੇਸ਼ ਕੀਤਾ।

**ਬੀਬੀ ਰਤਨਾ ਮਾਲਵੀਆ ਦੁਆਰਾ ਸਿਤਾਰ ਵਾਦਨ:** ਤਬਲਾ ਉਸਤਾਦ ਰਾਜੇਸ਼ ਮਾਲਵੀਆ ਜੀ ਦੀ ਬੇਟੀ ਰਤਨਾ ਮਾਲਵੀਆ (ਪ੍ਰੋ. ਰਵਿੰਦਰ ਕੁਮਾਰ ਦੀ ਸ਼ਾਗਿਰਦ) ਨੇ ਰਾਗ ਦੇਸ ਵਿੱਚ ਸਿਤਾਰ-ਵਾਦਨ ਪੇਸ਼ ਕੀਤਾ।

ਬੀਬੀ ਅਵਤਾਰ ਕੌਰ (ਸ਼ਾਗਿਰਦ ਉਸਤਾਦ ਅਜੈ ਚੱਕਰਵਰਤੀ ਜੀ) ਪਾਸੋਂ ਸੰਗੀਤ ਸਿੱਖਦੇ ਬੱਚਿਆਂ (ਆਤਮਾ ਸਿੰਘ, ਗੰਗਾ ਸਿੰਘ, ਰਤਨਾ ਮਾਲਵੀਆ, ਧਰਮ ਕੌਰ, ਗੁਰਦੇਵ ਕੌਰ, ਸੰਦੀਪ ਕੌਰ, ਜਸਵੰਤ ਕੌਰ, ਗੁਰਸ਼ਰਨ ਕੌਰ) ਨੇ ਰਾਗ ਬਾਗੇਸ਼ਵਰੀ ਵਿੱਚ 'ਵਿਨਤੀ ਸੁਨੋ ਮੇਰੀ' ਅਤੇ 'ਆਓ ਸਜਾਓ ਮੰਦਰ ਆਜ' ਬੰਦਿਸ਼ਾਂ ਗਾਇਨ ਕੀਤੀਆਂ। ਬੱਚਿਆਂ ਦੇ ਇਸ ਜਥੇ ਵਿੱਚ ਤਬਲੇ ਦੀਆਂ ਦੋ ਜੋੜੀਆਂ, ਤਾਰ ਸ਼ਹਿਨਾਈ, ਸਾਰੰਗੀ, ਹਾਰਮੋਨੀਅਮ ਅਤੇ ਸਰੋਦ ਸਾਜ਼ ਵਜਾਏ ਜਾ ਰਹੇ ਸਨ। ਇਹਨਾਂ ਬੱਚਿਆਂ ਨੇ ਰਾਗ ਬਾਗੇਸ਼ਵਰੀ ਵਿੱਚ – ਝੱਪ ਤਾਲ ਵਿੱਚ ਅਤੇ ਤਿੰਨ ਤਾਲ ਵਿੱਚ ਦੋ ਤਰਾਨੇ ਵੀ ਪੇਸ਼ ਕੀਤੇ।

ਉਪਰੰਤ, ਰਾਗੀ ਬਲਵੰਤ ਸਿੰਘ ਦੇ ਨਿਰਦੇਸ਼ਨ ਅਧੀਨ ਦੋ ਬੱਚੀਆਂ (ਗਾਇਕ ਬ੍ਰਹਮ ਕੌਰ, ਹਰਦੇਵ ਕੌਰ), ਪ੍ਰਭਜੀਤ ਕੌਰ ਸਾਰੰਗੀ, ਹਰਨਾਮ ਸਿੰਘ ਤਬਲਾ ਦੇ ਸਾਥ ਵਿਚ ਤਿੰਨ ਬੰਦਿਸ਼ਾਂ– 'ਤੇਰੇ ਮਿਲਨ ਦਾ ਚਾਓ', 'ਸਹੰਸਰ ਗੋਪੀ ਏਕ ਕਨ੍ਹਈਆ' ਅਤੇ 'ਕੋਇਲੀਆ ਕੂਕ ਸੁਨਾਵੇ' ਪੇਸ਼ ਕੀਤੀਆਂ।

ਬੱਚਿਆਂ ਦੇ ਸੰਗੀਤ-ਪ੍ਰਦਰਸ਼ਨ ਉਪਰੰਤ, ਕਵੀ ਮੱਖਣ ਸਿੰਘ ਮੱਲੇਕਿਆਂ ਨੇ 'ਅਨੰਦਪੁਰ ਹੋਲੇ' ਦਾ ਕਵੀਸ਼ਰੀ ਪ੍ਰਸੰਗ ਸੁਣਾਇਆ ਅਤੇ ਹਰਪ੍ਰੀਤ ਸਿੰਘ ਪਾਣੀਪਤ ਨੇ 'ਤੀਨੋਂ ਤਾਪ ਨਿਵਾਰਣਹਾਰਾ' ਟੇਕ ਲੈ ਕੇ ਹੱਲੇ ਦਾ ਦੀਵਾਨ ਸਜਾਇਆ।

**12 ਮੱਘਰ, 26 ਨਵੰਬਰ ਵੀਰਵਾਰ**

ਪਿਛਲੀ ਰਾਤ ਬਾਰਿਸ਼ ਹੋਣ ਕਾਰਨ ਅੱਜ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਪ੍ਰਤਾਪ ਮੰਦਰ ਦੇ ਅੰਦਰ ਹੀ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਹੋਇਆ। ਆਸਾ ਦੀ ਵਾਰ ਦਾ ਗਾਇਨ ਰਾਗੀ ਹਰਬੰਸ ਸਿੰਘ ਘੁੱਲਾ, ਹਰਵਿੰਦਰ ਸਿੰਘ- ਸਰਮੁਖ ਸਿੰਘ- ਸਤਨਾਮ ਸਿੰਘ (ਦਿਲਰੁਬਾ), ਈਸ਼ਰ ਸਿੰਘ (ਤਾਰ-ਸ਼ਹਿਨਾਈ), ਅਜੈਪਾਲ ਸਿੰਘ (ਤਬਲਾ) ਅਤੇ ਕਾਕਾ ਰਤਨ ਸਿੰਘ ਦੇ ਜਥੇ ਨੇ ਕੀਤਾ।

**ਆਸਾ ਦੀ ਵਾਰ ਉਪਰੰਤ ਨੌਜਵਾਨ ਵਕਤਾ ਭਜਨ ਸਿੰਘ** ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੇ ਕਵੀ ਪ੍ਰੀਤਮ ਸਿੰਘ ਦੀ ਮਿੱਤਰਤਾ ਦਾ ਉਲੇਖ ਕੀਤਾ। ਉਸਨੇ ਦੱਸਿਆ ਕਿ ਸਤਿਗੁਰੂ ਜੀ ਦੇ ਵਿਅਕਤੀਤਵ ਨੂੰ ਕਵੀ ਜੀ ਨੇ 'ਬੀਤੇ ਦੀਆਂ ਪੈੜਾਂ' ਵਿੱਚ ਬੜੇ ਰੌਚਕ ਢੰਗ ਨਾਲ ਪੇਸ਼ ਕੀਤਾ ਹੈ। ਕਵੀ ਜੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਜੀਵਨ ਦੀ ਹਰ ਛੋਟੀ-ਛੋਟੀ ਗੱਲ ਨੂੰ ਉਲੀਕਿਆ ਹੈ। 'ਬੀਤੇ ਦੀਆਂ ਪੈੜਾਂ' ਡਾਇਰੀ-ਨੁਮਾ ਸ਼ੈਲੀ ਵਿੱਚ ਲਿਖਿਆ 20ਵੀਂ ਸਦੀ ਦੇ ਮਗਰਲੇ ਅੱਧ ਦੇ ਕੁਝ ਦਹਾਕਿਆਂ ਦਾ ਨਾਮਧਾਰੀ ਸਮਾਜ ਦਾ ਇਤਿਹਾਸਕ ਦਸਤਾਵੇਜ਼ ਹੈ। ਇਹਨਾਂ ਪੈੜਾਂ ਵਿੱਚ ਜਿਥੇ ਨਾਮਧਾਰੀ ਸਮਾਜ ਦੇ ਰਹਿਣ-ਸਹਿਣ, ਖਾਣ-ਪੀਣ ਆਦਿ ਬਾਰੇ ਲਿਖਿਆ ਹੈ, ਉਥੇ ਦੇਸ਼ ਦੇ ਵੱਖ-ਵੱਖ ਧਰਮਾਂ, ਜਾਤਾਂ ਆਦਿ ਬਾਰੇ ਵੀ ਵਿਸ਼ੇਸ਼ ਜਾਣਕਾਰੀ ਹੈ। ਸਤਿਗੁਰੂ ਜਗਜੀਤ ਸਿੰਘ ਜੀ ਤੇ ਕਵੀ ਪ੍ਰੀਤਮ ਸਿੰਘ ਦਾ ਜਿੱਥੇ 'ਗੁਰੂ' ਤੇ 'ਸਿੱਖ' ਦਾ ਰਿਸ਼ਤਾ ਸੀ, ਉੱਥੇ ਉਹ ਦੋ ਪ੍ਰੇਮੀਆਂ ਅਤੇ ਦੋ ਗੂੜ੍ਹੇ ਮਿੱਤਰਾਂ ਵਾਂਗ ਇੱਕ ਦੂਜੇ ਦੇ ਸਹਾਇਕ ਵੀ ਸਨ। ਸਤਿਗੁਰੂ ਜਗਜੀਤ ਸਿੰਘ ਜੀ ਸਮੁੱਚੀ ਮਾਨਵਤਾ ਨੂੰ ਇਕ ਸਾਰ ਵੇਖਦੇ ਸਨ। ਉਹ ਧਾਰਮਿਕ ਤੇ ਨਾਸਤਕ ਲੋਕਾਂ ਲਈ ਇਕ ਸਮਾਨ ਸਨ। ਉਹ ਕਿਸੇ ਚੰਗੇ ਕੰਮ ਲਈ ਨਾਸਤਕ ਲੋਕਾਂ ਦੀਆਂ ਸਭਾਵਾਂ ਦਾ ਹਿੱਸਾ ਵੀ ਬਣ ਜਾਂਦੇ ਸਨ। ਜੇ ਅਮਨ ਸ਼ਾਂਤੀ ਦੀ ਗੱਲ ਕਮਿਊਨਿਸਟ ਕਰਦੇ ਹੋਣ ਤਾਂ ਉਹ ਉਸ ਸਭਾ ਦੇ ਮੈਂਬਰ ਬਣ ਜਾਂਦੇ, ਜੇ ਗਊ-ਰੱਖਿਆ ਦੀ ਗੱਲ ਹਿੰਦੂ ਕਰਦੇ ਹੋਣ ਤਾਂ ਉਹ ਉਹਨਾਂ ਦੇ ਮੋਢੀ ਬਣ ਅਗਵਾਈ ਕਰਦੇ।

**ਸਵੇਰ ਦੇ ਦੀਵਾਨ 10 ਤੋਂ 12 ਵਜੇ ਤੱਕ**

ਜਥੇਦਾਰ ਅਮਰੀਕ ਸਿੰਘ ਭੈਣੀ ਸਾਹਿਬ ਨੇ ਕਥਾ ਕੀਤੀ, ਜਥੇਦਾਰ ਗੁਰਚਰਨ ਸਿੰਘ ਚੰਨ ਮੁਹਾਵਾ ਨੇ 'ਕਉਣ ਜਾਣੈ ਗੁਣ ਤੇਰੇ' ਟੇਕ ਲੈ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਬਚਪਨ ਦੇ ਕੌਤਕ ਸੁਣਾਏ ਅਤੇ ਸੂਬਾ ਸੰਦੀਪ ਸਿੰਘ ਕਰੀਵਾਲਾ ਨੇ ਵੀ ਸਤਿਗੁਰੂ ਜੀ ਦਾ ਜੱਸ ਕਰਦਿਆਂ ਹੱਲੇ ਦਾ ਦੀਵਾਨ ਸਜਾਇਆ।

**ਕਵੀ ਦਰਬਾਰ:**

ਅੱਜ ਦੇ ਕਵੀ ਦਰਬਾਰ ਦੀ ਸਟੇਜ ਸਕੱਤਰ ਦੀ ਜਿੰਮੇਵਾਰੀ ਹਰਪਾਲ ਸਿੰਘ ਸੇਵਕ ਨੇ ਸੰਭਾਲੀ। ਆਪ ਨੇ ਕਿਹਾ ਕਿ ਅਸੀਂ ਅੱਜ ਦੇ ਕਵੀ ਦਰਬਾਰ ਦੀ ਸ਼ੁਰੂਆਤ ਤਰੰਨਮ ਤੋਂ ਸ਼ੁਰੂ ਕਰਾਂਗੇ- ਸੁਰੀਲੀ, ਭਰਵੀਂ ਅਤੇ ਬੁਲੰਦ ਆਵਾਜ਼ ਦੇ ਮਾਲਕ ਸ੍ਰੀ ਰਛਪਾਲ ਸਿੰਘ ਪਾਲ ਪੇਸ਼ ਹਨ–

**ਕਵੀ ਰਛਪਾਲ ਸਿੰਘ ਪਾਲ ਨੇ ਕਵਿਤਾ ਪੇਸ਼ ਕਰਨ ਤੋਂ ਪਹਿਲਾਂ ਸੰਗਤਾਂ ਨਾਲ ਸਤਿਗੁਰੂ ਜਗਜੀਤ ਸਿੰਘ ਜੀ ਦੀ ਇਕ ਯਾਦ ਸਾਂਝੀ ਕਰਦਿਆਂ ਕਿਹਾ: 'ਮੈਨੂੰ ਯਾਦ ਆਉਂਦਾ ਹੈ, 37 ਸਾਲ ਪੁਰਾਣੀ ਘਟਨਾ ਜੋ ਅੱਜ ਵੀ ਮੈਨੂੰ ਕਲ ਵਾਪਰੀ ਜਾਪਦੀ ਹੈ, 1983 ਈ. ਵਿੱਚ ਬੰਕੋਕ ਵਰਡ ਪੰਜਾਬੀ ਕਾਨਫਰੰਸ ਤੇ ਲੇਖਕਾਂ, ਬੁਲਾਰਿਆਂ ਵਿੱਚ ਮੈਨੂੰ ਵੀ ਸ੍ਰੀ ਸਤਿਗੁਰੂ ਜੀ ਦੇ ਨਾਲ ਜਾਣ ਦਾ ਸੁਭਾਗ ਪ੍ਰਾਪਤ ਹੋਇਆ ਮੈਂ ਤੇ ਜਗਦੀਸ਼ ਸਿੰਘ ਜੀ ਵਰਿਆਮ ਨਾਲ-ਨਾਲ ਬੈਠੇ ਸਾਂ, ਮੇਰੀ ਅੱਖ ਲਗ ਗਈ, ਮੈਨੂੰ ਆਪਣੇ ਗਲੇ ਤੇ ਬੜੀ ਪਿਆਰੀ ਛੂਹ ਮਹਿਸੂਸ ਹੋਈ, ਇਹ ਛੂਹ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਸਤ ਕੰਵਲ ਦੀ ਸੀ, ਉਸ ਇਲਾਹੀ ਛੂਹ ਦੀ ਕਰਾਮਾਤ ਹੀ ਹੈ ਕਿ ਮੇਰੀ ਅਵਾਜ਼ ਏਨੀ ਸੁਰੀਲੀ ਅਤੇ ਬੁਲੰਦ ਹੋ ਗਈ ਕਿ ਮੈਨੂੰ 'ਪੰਜਾਬ ਦਾ ਰਫੀ' ਕਹਿ ਕੇ ਮਾਣ ਮਿਲਿਆ। '** ਆਪ ਨੇ ਅਜੀਤ ਸਿੰਘ ਲਾਇਲ ਦੀ ਲਿਖੀ ਕਵਿਤਾ ਗਾ ਕੇ ਪੇਸ਼ ਕੀਤੀ- ਇਸ ਨਜ਼ਮ ਦਾ ਇੱਕ ਬੰਦ:

ਹੈ ਸਿੱਖੀ ਦੀ ਸ਼ਾਨ ਗੁਰ ਜਗਜੀਤ ਸਿੰਘ।
ਹੈ ਸਿੱਖੀ ਦੀ ਆਨ ਗੁਰ ਜਗਜੀਤ ਸਿੰਘ।
ਪ੍ਰੇਮ ਵਿੱਚ ਨਹੀਂ ਨੇਮ ਕੋਈ ਜਾਣਦਾ
ਭੀਲਣੀ ਲਈ ਰਾਮ ਗੁਰ ਜਗਜੀਤ ਸਿੰਘ।
ਰਾਗ ਇਹਦੀ ਬੁੱਲ੍ਹੀਆਂ ਤੇ ਖੇਡਦਾ
ਸੰਗੀਤ ਦੀ ਹੈ ਤਾਨ ਗੁਰ ਜਗਜੀਤ ਸਿੰਘ।

**ਕਵੀ ਜਗਤਾਰ ਸਿੰਘ ਰਾਈਆਂ** ਨੇ ਕਵੀਸ਼ਰ ਗੁਰਸੇਵਕ ਸਿੰਘ ਢਿੱਲੋਂ ਦੀ ਲਿਖੀ ਕਵਿਤਾ ਪੜ੍ਹੀ-

ਆ ਇਸ ਦਿਆਂ ਚਰਨਾਂ 'ਚ
ਸੁੱਖੀ ਵੱਸਣ ਸਭ ਨਰ-ਨਾਰ
ਗੁਰੂ ਜਗਜੀਤ ਸਿੰਘ ਦੀਆਂ
ਸਿਫਤਾਂ ਕਹਿਣ-ਕਥਨ ਤੋਂ ਬਾਹਰ।

**ਕਵੀਸ਼ਰ ਗੁਰਸੇਵਕ ਸਿੰਘ** ਨੇ ਆਪਣੀ ਲੰਬੀ ਨਜ਼ਮ ਦੇ ਦੋ ਕੁ ਬੰਦ ਗਾ ਕੇ ਪੇਸ਼ ਕੀਤੇ:

ਹੋਈਆਂ ਭੈਣੀ ਸਾਹਿਬ ਵਿੱਚ ਰੁਸ਼ਨਾਈਆਂ,
ਪੁਰਬ ਗੁਰੂ ਜਗਜੀਤ ਦਾ।
ਦੇਵਾਂ ਸਾਰੇ ਸੰਸਾਰ ਨੂੰ ਵਧਾਈਆਂ,
ਪੁਰਬ ਗੁਰੂ ਜਗਜੀਤ ਦਾ।

**ਰਜਿੰਦਰ ਕੌਰ ਪਨੂੰ** ਦੀ ਕਵਿਤਾ ਦੇ ਬੋਲ ਸਨ-

ਜਦੋਂ ਮੈਂ ਰੋ ਰਿਹਾ ਹੁੰਦਾਂ, ਉਹ ਬਖਸ਼ਿਸ਼ ਕਰ ਰਿਹਾ ਹੁੰਦੈ,
ਮੈਂ ਪੱਲਾ ਅੱਡਕੇ ਖੜ ਜਾਂ, ਉਹ ਝੋਲੀ ਭਰ ਰਿਹਾ ਹੁੰਦੈ,
ਜਦੋਂ ਮੈਂ ਬੁਝ ਰਿਹਾ ਹੋਵਾਂ, ਉਹ ਜੀਵਨ ਦਾਨ ਦੇ ਦਿੰਦਾ,
ਜਦ ਹੋਵਾਂ ਇਕੱਲਾ ਮੈਂ, ਉਹਦੇ ਕਈ ਰੂਪ ਹੋ ਜਾਂਦੇ,
ਕਦੇ ਉਹ ਮੀਤ ਬਣ ਜਾਂਦਾ, ਕਦੇ ਉਹ ਰੀਤ ਬਣ ਜਾਂਦਾ,
ਕਦੇ ਉਹ ਪ੍ਰੀਤ ਹੋ ਜਾਂਦਾ।
ਸਾਡੀ ਵੇਦਨਾ ਅਰਦਾਸ ਦਾ, ਉਹ ਗੀਤ ਹੁੰਦਾ ਹੈ।
ਜੋ ਪ੍ਰਤੀਤ ਹੁੰਦਾ ਹੈ, ਉਹ ਗੁਰ ਜਗਜੀਤ ਹੁੰਦਾ ਹੈ।

**ਸੁਵਰਨ ਸਿੰਘ ਵਿਰਕ** ਨੇ 1965 ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਆਯੋਜਿਤ ਕੀਤੇ ਗਏ ਪਹਿਲੇ ਵਿਦਿਅਕ ਸੰਮੇਲਨ ਵਿੱਚ ਸ਼ਿਰਕਤ ਕਰਨ ਤੋਂ ਬਾਅਦ ਲਿਖੀ ਆਪਣੀ ਲੰਬੀ ਕਵਿਤਾ ਸੁਣਾਈ-ਵੰਨਗੀ ਮਾਤਰ ਹੈ-

ਸ੍ਰੀ ਸਤਿਗੁਰੂ ਜਗਜੀਤ ਸਿੰਘ
ਪੂਰਨ ਪੁਰਖ ਅਕਾਲ।
ਅਮੀਂ ਫੁਹਾਰਾ ਛੱਡਦਾ ਮਸਤਕ ਜਿਨ੍ਹਾਂ ਵਿਸ਼ਾਲ।
ਜੱਗ ਜਲਦੇ ਨੂੰ ਵੇਖ ਕੇ ਰਚੀਓ ਨੇ ਤਦਬੀਰ।
ਨਵੀਂ ਪਨੀਰੀ ਸਿਰਜਣੀ ਸਿੱਖੀ ਦੀ ਤਸਵੀਰ।

**ਅਰਵਿੰਦਰ ਕੌਰ ਸੰਧੂ (ਸਿਰਸਾ)** ਦੀ ਰਚਨਾ ਦੇ ਬੋਲ ਸਨ-

ਸ਼ੁਕਰਾਨਾ ਤੇਰੀ ਰਹਿਮਤ ਦਾ, ਦੀਵਾਨਾ ਤੇਰੀ ਰਹਿਮਤ ਦਾ।
ਜੋ ਬਖ਼ਸ਼ੀਸ਼ ਤੇਰੀ ਹੋਈ ਹੈ, ਮੈਂ ਪੈਮਾਨਾ ਤੇਰੀ ਰਹਿਮਤ ਦਾ।

**ਸਤਨਾਮ ਸਿੰਘ ਕੋਮਲ** ਜਿਨ੍ਹਾਂ ਦੀਆਂ ਰਚਨਾਵਾਂ ਨਾਮਧਾਰੀ ਡਾਕੂਮੈਂਟਰੀਆਂ ਵਿੱਚ ਅਸੀਂ ਅਕਸਰ ਸੁਣਦੇ ਹਾਂ, ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਤੋਂ ਨਾਮਧਾਰੀ ਪੰਥ ਨਾਲ ਜੁੜੇ ਹੋਏ ਹਨ। ਉਹਨਾਂ ਆਪਣੀ ਕਵਿਤਾ ਤੋਂ ਪਹਿਲਾਂ ਇਕ ਚੌਮਿਸਰਾ ਪੇਸ਼ ਕੀਤਾ-

ਮਨ ਦੇ ਜਿੱਤਿਆਂ ਹੀ, ਜਿੱਤਿਆ ਜੱਗ ਜਾਂਦਾ,
ਹੈ ਜਿਸ ਨੇ ਜਿੱਤਿਆ, ਗੁਰੂ ਜਗਜੀਤ ਕਹਿੰਦੇ।
ਆਪ ਬੇਅੰਤ ਸੀ ਬੇਅੰਤ ਉਪਕਾਰ ਉਸਦੇ,
ਸਭ ਦਾ ਆਸਰਾ ਕੁੱਲ ਦੀ ਰੀਤ ਕਹਿੰਦੇ।
ਮਨੁੱਖਤਾ ਧਰਮ ਉਸਦਾ, ਨੇਮ ਪ੍ਰੇਮ ਉਸਦਾ,
ਜੀਵਨ ਓਸਦਾ ਗੁਰਮਤਿ ਸੰਗੀਤ ਕਹਿੰਦੇ।
ਉਸਦੀ ਰਹਿਮਤ ਹੀ ਕੀਤਾ ਹੈ ਜੀਊਣ ਜੋਗੇ,
ਗਾਇਆ ਜ਼ਿੰਦਗੀ ਦਾ ਸੁਰ ਵਿੱਚ ਗੀਤ ਕਹਿੰਦੇ।

ਆਪਦੀ ਨਜ਼ਮ ਚੋਂ ਕੁਝ ਬੋਲ ਹਨ-

ਮਿੱਟੀ ਭੈਣੀ ਦੀ 'ਚੋਂ ਉੱਗੇ ਸੂਰਜਾ ਨੇ,
ਦਿੱਤੀ ਜ਼ਿੰਦਗੀ, ਨਵੀਂ ਅਦਾਅ ਬਖਸ਼ੀ,
ਏਥੇ ਆਜ਼ਾਦੀਆਂ ਦੇ ਸਿੰਘ ਨਾਦ ਗੂੰਜੇ,
ਨਾਲ ਅਣਖ ਦੇ ਜਿਊਣ ਦੀ ਕਲਾ ਬਖਸ਼ੀ।

ਪੂਰੀ ਸਦੀ ਪਹਿਲਾਂ ਮਘਿਆ ਸੀ ਇਕ ਸੂਰਜ,
ਵਖਤ ਪਾਏ ਸੀ ਓਸ ਹਨੇਰਿਆਂ ਨੂੰ।
ਰਿਹਾ ਨਾਬਰ ਸੀ ਵਕਤ ਦੇ ਹਾਕਮਾਂ ਤੋਂ,
ਸੱਦੇ ਦੇਂਦਾ ਸੀ ਸਦਾ ਸਵੇਰਿਆਂ ਨੂੰ।

**ਸ਼ਿਵਰਾਜ ਲੁਧਿਆਣਵੀ** ਦੀ ਕਵਿਤਾ ਦੇ ਬੋਲ ਸਨ-

ਨਮਨ ਗੁਰੂ ਜਗਜੀਤ ਸਿੰਘ ਜੀ
ਨਮਨ ਧਰਤ ਕੇ ਵਲੀਓ,
ਨਮਨ ਜਹਾਂ ਪੇ ਸਤਿਗੁਰ ਪ੍ਰਗਟੇ,
ਨਮਨ ਗੁਰੂ ਕੀ ਗਲੀਓ।.....
ਤੂੰ ਹੀ ਇਸ਼ਕ ਸੁਣੱਖਿਆ, ਦੀਦਿਆਂ ਦਾ
ਤੂੰ ਹੀ ਤੂੰ, ਸੁਣੇਂ ਮੇਰੀ ਹੂਕ ਅੰਦਰ।

**ਲਖਵਿੰਦਰ ਬਾਜਵਾ** ਨੇ ਕੁੰਡਲੀਆ ਛੰਦ ਵਿੱਚ ਲਿਖੀ ਆਪਣੀ ਕਵਿਤਾ ਸੁਣਾਈ-

ਬੇਅੰਤ ਗੁਰੂ ਵਰੋਸਾਈਆਂ, ਸਭ ਸੰਗਤਾਂ ਸੁਹਾਈਆਂ,
ਨੇ ਸ਼ਤਾਬਦੀ ਤੇ ਆਈਆਂ, ਲੱਖ ਦਿਆਂ ਮੈਂ ਵਧਾਈਆਂ ਜੀ।
ਦਿਆਂ ਮੈਂ ਵਧਾਈਆਂ ਸਾਰੇ ਮਾਈਆਂ ਅਤੇ ਭਾਈਆਂ,
ਹੋਈਆਂ ਖੁਸ਼ੀਆਂ ਸਵਾਈਆਂ, ਸਭ ਰਲ ਕੇ ਮਨਾਈਏ ਜੀ।

**ਮਾਸਟਰ ਅਮਰੀਕ ਸਿੰਘ** ਜੀ ਦੀ ਕਵਿਤਾ ਸਤਿਗੁਰੂ ਜੀ ਦੇ ਪਿਆਰ ਸਤਿਕਾਰ ਵਿੱਚ ਭਿੱਜੀ ਇਸ ਤਰ੍ਹਾਂ ਸੀ-

ਗੁਰੂ ਜਗਜੀਤ ਵਰਗਾ ਹੋਰ ਕੋਈ ਦਰ ਨਹੀਂ ਦਿਸਦਾ।
ਜੋ ਦੇਵੇ ਸਾਰੀਆਂ ਦਾਤਾਂ ਅਜਿਹਾ ਘਰ ਨਹੀਂ ਦਿਸਦਾ।

**ਬਿਸ਼ਨ ਦਾਸ** ਨੇ ਤਰੰਨਮ ਵਿੱਚ ਮਾ. ਅਮਰੀਕ ਸਿੰਘ ਜੀ ਦਾ ਲਿਖਿਆ ਇਕ ਗੀਤ ਪੇਸ਼ ਕੀਤਾ-

ਜਿਸ ਨੇ ਮੁਝੇ ਸਭ ਕੁਛ ਦੀਆ, ਐਸੇ ਗੁਰੂ ਜਗਜੀਤ ਹੈਂ।
ਬਦਲੇ ਮੇਂ ਕੁਛ ਭੀ ਨਾ ਲੀਆ, ਐਸੇ ਗੁਰੂ ਜਗਜੀਤ ਹੈਂ।..
ਹਮਦਰਦ ਹਰ ਇਨਸਾਨ ਕੇ, ਰਕਸ਼ਕ ਸਭੀ ਕੀ ਜਾਨ ਕੇ
ਹਰ ਜ਼ਖਮੇ ਜਿਗਰ ਜਿਸਨੇ ਸੀਆ ਐਸੇ ਗੁਰੂ ਜਗਜੀਤ ਹੈਂ।

**ਕਵੀ ਰਛਪਾਲ ਸਿੰਘ ਪਾਲ** ਨੇ ਗੁਰਭਜਨ ਗਿੱਲ ਜੀ ਦੀ ਕਵਿਤਾ 'ਉਹ ਸੀ ਇਕ ਦਰਿਆ' ਤਰੰਨੁਮ ਵਿੱਚ ਗਾ ਕੇ ਪੇਸ਼ ਕੀਤੀ:

ਦੋਧੇ ਚਿੱਟੇ ਵਸਤਰਧਾਰਾ,
ਸੁਰ ਤੇ ਸ਼ਬਦ ਸੰਵਾਰਨਹਾਰਾ,
ਤਪੀ ਤਪੀਸਰ ਅਪਰਮਪਾਰਾ,
ਰੂਹ ਦੇ ਕਸ਼ਟ ਨਿਵਾਰਨਹਾਰਾ।
ਜਿਸ ਦੀ ਕਰਮ ਦ੍ਰਿਸ਼ਟੀ ਸਦਕਾ,
ਕਣ-ਕਣ ਸੁਰ ਭਰਿਆ।
ਉਹ ਸੀ ਇੱਕ ਦਰਿਆ,
ਨਿਰਮਲ ਨੀਰ ਸਦੀ ਭਰ ਵਗਿਆ,
ਕੰਢਿਆਂ ਤੱਕ ਭਰਿਆ।
ਸ਼ਬਦ ਸਾਧਕਾਂ ਦਾ ਦੁੱਖਹੰਤਾ,
ਸੁਰ ਦਾ ਭੇਤੀ, ਖ਼ੁਦ ਸੁਰਵੰਤਾ,
ਸਿਮਰਨ ਸੇਵਾ ਜਾਪ ਜਪੰਤਾ,
ਰਸਨਾ ਤੋਂ ਰੱਜ ਕੇ ਰਸਵੰਤਾ।
ਰਾਮ, ਹਰੀ, ਪਰਤਾਪੀ ਸੂਰਜ,
ਉਦੈ ਹੋਣ ਤੋਂ ਅਸਤਣ ਤੀਕਰ,
ਚਾਨਣ ਹੀ ਝਰਿਆ।
ਉਹ ਸੀ ਇੱਕ ਦਰਿਆ।

ਰਛਪਾਲ ਪਾਲ ਜੀ ਦੁਆਰਾ ਸ੍ਰੀ ਗੁਰਭਜਨ ਸਿੰਘ 'ਗਿੱਲ' ਜੀ ਦੀ ਰਚਨਾ ਪੇਸ਼ ਕਰਨ ਉਪਰੰਤ ਮੰਚ ਸੰਚਾਲਕ ਸੇਵਕ ਜੀ ਨੇ ਕਿਹਾ: 'ਸਾਧ ਸੰਗਤ ਜੀ. ਜਿਵੇਂ ਸੁੱਚੇ ਮੋਤੀ ਸਾਗਰ ਦੀਆਂ ਗਹਿਰਾਈਆਂ ਚੋਂ ਲੱਭਦੇ ਹਨ, ਇਸੇ ਤਰ੍ਹਾਂ ਦੇ ਸੁੱਚੇ ਮੋਤੀਆਂ ਵਰਗੇ ਸ਼ਬਦਾਂ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਉਸਤਤ ਵਿੱਚ ਲਿਖੀ ਗਿੱਲ ਜੀ ਦੀ ਨਜ਼ਮ ਨੂੰ ਆਕਾਸ਼ ਦੀਆਂ ਉਚਾਈਆਂ ਤੱਕ ਦੀ ਬੁਲੰਦ ਅਵਾਜ਼ ਵਿੱਚ ਪੇਸ਼ ਕੀਤਾ ਹੈ-ਪਾਲ ਜੀ ਨੇ; ਸਾਗਰ ਦੀ ਗਹਿਰਾਈ ਤੋਂ ਆਕਾਸ਼ ਉਚਾਈ ਤੱਕ ਦਾ ਸੰਗਮ ਸੀ ਇਹ ਨਜ਼ਮ ਅਤੇ ਅਦਭੁਤ ਪੇਸ਼ਕਾਰੀ।

**ਬਲਬੀਰ ਸਿੰਘ ਢਿੱਲੋਂ** ਦੀ ਕਵਿਤਾ ਦੇ ਬੋਲ ਸਨ-

ਜਿਸਨੂੰ ਹਰ ਕੋਈ ਆਪਣਾ ਕਹਿ ਸਕਦੈ
ਇਸ ਘਰ ਵਰਗਾ ਹੋਰ ਘਰ ਕੋਈ ਨਹੀਂ।
ਮਾੜੇ ਤਗੜੇ ਨੂੰ ਮਿਲੇ ਸਤਿਕਾਰ ਜਿਥੇ
ਇਸ ਦਰ ਵਰਗਾ ਹੋਰ ਦਰ ਕੋਈ ਨਹੀਂ।

**ਦਰਸ਼ਨ ਸਿੰਘ ਬੁੱਟਰ** (ਕੇਂਦਰੀ ਪੰਜਾਬੀ ਲੇਖਰ ਸਭਾ ਦੇ ਪ੍ਰਧਾਨ) ਜੀ ਦੀ ਇਹ ਕਵਿਤਾ ਬਹੁਤ ਹੀ ਭਾਵਪੂਰਤ ਸੀ-ਆਪ ਨੇ ਬੜੇ ਸੁਰੀਲੇ ਤਰੰਨਮ ਵਿੱਚ ਆਪਣੀ ਰਚਨਾ ਗਾ ਕੇ ਪੇਸ਼ ਕੀਤੀ:

ਦੁੱਖ ਸੁੱਖ ਆਉਣੇ ਜਾਣੇ ਲੱਖ ਮਰਦਾਨਿਆਂ।
ਤਾਰਾਂ ਉੱਤੇ ਪੋਟਿਆਂ ਨੂੰ ਰੱਖ ਮਰਦਾਨਿਆਂ।

ਦੁਨੀਆਂ 'ਚ ਦੇਖ ਕਿੰਨਾ ਫੈਲਿਆ ਹਨੇਰ ਹੈ।
ਤੇਰੇ ਸੁਰਾਂ ਨਾਲ ਹੀ ਤਾਂ ਚੜ੍ਹਨੀ ਸਵੇਰ ਹੈ।
ਨੂਰ ਨੂੰ ਤੂੰ ਕਰ ਪ੍ਰਤੱਖ ਮਰਦਾਨਿਆਂ......

ਪੈਰਾਂ 'ਚ ਸਫ਼ਰ ਤਾਂ ਕਹਾਣੀ ਬਣ ਜਾਂਦੀ ਹੈ।
ਬੋਲ ਜੋ ਉਚਾਰੇ ਬਾਬਾ ਬਾਣੀ ਬਣ ਜਾਂਦੀ ਹੈ।

ਸੁੱਤਿਆਂ ਦੀ ਖੁੱਲ੍ਹ ਜਾਂਦੀ ਅੱਖ ਮਰਦਾਨਿਆਂ...

ਪੁੱਛਦੀ ਰਬਾਬ ਜਦੋਂ ਜੱਗ ਇਕ ਨੂਰ ਹੈ।
ਬੰਦੇ ਕੋਲੋਂ ਬੰਦਾ ਫਿਰ ਕਿਹੜੀ ਗੱਲੋਂ ਦੂਰ ਹੈ।
ਨੌਹਾਂ ਨਾਲੋਂ ਮਾਸ ਹੋਇਆ ਵੱਖ ਮਰਦਾਨਿਆਂ।
ਤਾਰਾਂ ਉੱਤੇ ਪੋਟਿਆਂ ਨੂੰ ਰੱਖ ਮਰਦਾਨਿਆਂ।

**ਸੁਸ਼ੀਲ ਦੁਸ਼ਾਂਝ** (ਪੰਜਾਬੀ ਦੇ ਸਿਰ-ਕੱਢ ਮੈਗਜ਼ੀਨ 'ਹੁਣ' ਦੇ ਸੰਪਾਦਕ) ਦੀ ਕਵਿਤਾ ਦੇ ਬੋਲ ਸਨ–

ਰਾਤਾਂ ਦੇ ਮੱਥਿਆਂ ਤੇ ਜੋ ਚਮਕਦੀ ਗੁਰੂ ਜੀ।
ਸ਼ਬਦਾਂ ਦੇ ਜੁਗਨੂੰਆਂ ਦੀ ਹੈ ਰੌਸ਼ਨੀ ਗੁਰੂ ਜੀ।
ਪੈਰਾਂ ਦੇ ਹੇਠ ਵਾਟਾਂ ਵੀ ਜਗਮਗਾਉਦੀਆਂ ਨੇ,
ਚਾਨਣ ਦੀ ਲੀਕ ਤੇਰੀ ਹੈ ਜ਼ਿੰਦਗੀ ਗੁਰੂ ਜੀ।
ਲਫ਼ਜ਼ਾਂ 'ਚੋਂ ਨਿੱਘ ਆਉਂਦਾ ਸਾਖੀ ਸੁਣਾਂ ਜੇ ਤੇਰੀ
ਸਰਦੀ 'ਚ ਨਿੱਘ ਸੰਗਤ ਹੈ ਮਾਣਦੀ ਗੁਰੂ ਜੀ।

**ਹਰਪਾਲ ਸਿੰਘ ਸੇਵਕ:** ਮੰਚ ਸੰਚਾਲਕ ਸੇਵਕ ਨੇ ਪਾਤਰ ਜੀ ਨੂੰ ਪੇਸ਼ ਕਰਨ ਤੋਂ ਪਹਿਲਾਂ ਆਪਣੀ ਹੀ ਇਕ ਨਜ਼ਮ 'ਕੀ, ਕੀ ਦੱਸੀਏ ਉਸ ਦੀਆਂ ਬਾਤਾਂ', 'ਚੋਂ ਕੁਝ ਬੰਦ ਪੇਸ਼ ਕੀਤੇ–

ਕੀਰਤਨ ਨਾਮ ਆਧਾਰ ਸੀ ਉਸਦਾ,
ਮੇਹਰ ਨਦਰ ਹੀ ਵਾਰ ਸੀ ਉਸਦਾ।
ਗੰਗਾ ਹੀ ਇਸ਼ਨਾਨ ਸੀ ਉਸਦਾ,
ਪਾਵਨ ਦਰਸਨ ਪਰਸਨ ਹੋਣਾ।
ਅਮਰ ਕਥਾ ਜਾਂ ਸਾਰ ਗੀਤਾ ਦਾ,
ਉਸਦਾ ਸ੍ਰੀ ਮੁੱਖ ਵਾਕ ਅਲਾਉਣਾ।
ਪੌਣ ਪਾਣੀ ਤੇ ਪਸ਼ੂ ਪੰਛੀ ਨੇ,
ਰੁਕ ਜਾਣਾ ਜਦ ਤਾਊਸ਼ ਵਜਾਉਣਾ,
ਮਹਾਂ ਅਨੰਦ ਪਰਮ ਸੁਖ ਮਿਲਨਾ,
ਜਦ ਉਸ ਗੀਤ ਕੋਈ ਰੱਬੀ ਗਾਉਣਾ।

**'ਪਦਮ ਸ੍ਰੀ' ਸੁਰਜੀਤ ਪਾਤਰ:** ਅੱਜ ਦੇ ਕਵੀ ਦਰਬਾਰ ਦੀ ਰੂਹੇ ਰਵਾਂ-ਪਦਮ ਸ੍ਰੀ ਸੁਰਜੀਤ ਪਾਤਰ ਜੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਥਮ ਦਰਸ਼ਨ ਦੀ ਮਿੱਠੀ ਅਤੇ ਨਿੱਘੀ ਯਾਦ ਸੰਗਤਾਂ ਨਾਲ ਸਾਂਝੀ ਕੀਤੀ- ਪਾਤਰ ਜੀ ਦੇ ਸਾਧਾਰਨ ਬੋਲ ਵੀ ਮਿਣੇ-ਤੋਲੇ, ਨਜ਼ਮ ਵਰਗੇ ਹੀ ਹੁੰਦੇ ਹਨ ਅਤੇ ਆਪਦੀ ਨਜ਼ਮ ਸੰਗੀਤਮਈ ਹੁੰਦੀ ਹੈ: **ਪਾਤਰ ਜੀ ਸੰਬੋਧਨ ਹੋਏ:**

**ਨਿਮਰਤਾ, ਭਵਿਖ ਮੁਖੀ ਦ੍ਰਿਸ਼ਟੀ ਅਤੇ ਅਪਣੱਤ ਦੀ ਤ੍ਰਿਮੂਰਤੀ ਸਤਿਗੁਰੂ ਉਦੇ ਸਿੰਘ ਜੀ ਅਤੇ ਪਰਮ ਸਤਿਕਾਰਯੋਗ ਸਾਧ ਸੰਗਤ ਔਰ ਸਿੱਧ- ਹਸਤ ਕਵੀ ਜਨ- ਮੈਨੂੰ ਦਵਾਰ ਤੋਂ ਹੀ ਪਾਲ ਜੀ ਦੀ ਸੁਰੀਲੀ ਆਵਾਜ਼ ਸੁਣਨ ਲਗ ਗਈ ਸੀ, ਉਥੋਂ ਹੀ ਮੈਂ ਜੁੜ ਗਿਆ ਸਾਂ ਕਵੀ ਦਰਬਾਰ ਨਾਲ, ਬਹੁਤ ਵਧੀਆ ਕਵਿਤਾ ਗੁਰਭਜਨ ਗਿੱਲ ਜੀ ਦੀ ਅਤੇ ਪਾਲ ਜੀ ਦੀ ਮਿੱਠੀ ਆਵਾਜ਼ 'ਚ ਭਿੱਜਿਆ ਹੀ ਮੈਂ ਏਥੇ ਪਹੁੰਚਿਆਂ।**

**ਮੇਰੀ ਬਹੁਤ ਖੁਸ਼ ਕਿਸਮਤੀ ਹੈ ਕਿ ਮੈਨੂੰ ਸਤਿਗੁਰੂ ਜਗਜੀਤ ਸਿੰਘ ਹੁਰਾਂ ਦੇ ਪਾਵਨ ਦਰਸ਼ਨ ਅਤੇ ਉਨ੍ਹਾਂ ਦੇ ਹਸਤ ਕੰਵਲ ਦੀ ਆਪਣੇ ਇਸ ਹਿਰਦੇ ਤੇ ਛੁਹ ਦਾ ਸੁਭਾਅ ਪ੍ਰਾਪਤ ਹੋਇਆ। ਮੈਂ ਇਕ ਗੀਤ ਜਿਹੜਾ ਸ਼ੁਰੂ ਕਈ ਦਿਨਾ ਦਾ ਕੀਤਾ ਹੋਇਆ ਸੀ ਅਜੇ ਵੀ ਮੇਰੀ ਜੀਵਨ ਸਾਥਨ ਕਹਿੰਦੀ ਸੀ ਕਿ ਪੂਰਾ ਹੋ ਗਿਐ? -ਮੈਂ ਕਿਹਾ ਨਹੀਂ ਅਜੇ, ਸ਼ਾਇਦ ਰਸਤੇ ਵਿੱਚ ਹੋਵੇ, ਸੋ ਐਸੀ ਰਿਮ-ਝਿਮ ਹੁੰਦੀ ਆਈ ਕਈ ਦਿਨਾਂ ਤੋਂ, ਉਨ੍ਹਾਂ ਦੀ ਯਾਦ 'ਚ ਇਕ ਦਸ ਕੁ ਬੰਦਾਂ ਦੀ ਲੰਮੇਰੀ ਰਚਨਾਂ- ਪਰ ਹੁਣ ਮੈਂ ਉਸ ਵਿਚੋਂ ਤਿੰਨ ਚਾਰ ਬੰਦ ਹੀ ਤੁਹਾਡੇ ਨਾਲ ਸਾਂਝੇ ਕਰਾਂਗਾ। ਕਿ- 'ਹੇ ਸਾਜ਼ ਨਿਵਾਜ਼'- ਉਨ੍ਹਾਂ ਦਾ ਸੰਗੀਤ ਨਾਲ ਜੋ ਰਿਸ਼ਤਾ, ਜਿਸ ਰਿਸ਼ਤੇ ਦੇ ਨਾਤੇ ਮੈਂ ਏਥੇ ਜੁੜਿਆ, "ਮੈਨੂੰ ਯਾਦ ਹੈ ਕਿ ਇਕ ਪੁੰਨਿਆ ਦੀ ਰਾਤ ਅਸੀਂ ਚੰਡੀਗੜ੍ਹ ਜਾ ਰਹੇ ਸ੍ਰੀ ਭੈਣੀ ਸਾਹਿਬ ਲਾਗਿਓਂ ਲੰਘਣ ਲੱਗੇ ਤਾਂ ਮੇਰਾ ਦੋਸਤ ਕਹਿੰਦਾ, ਕਦੇ ਏਥੇਂ ਨਹੀਂ ਗਏ, ਅੱਜ ਭੈਣੀ ਸਾਹਿਬੋਂ ਹੋ ਕੇ ਹੀ ਚੱਲੀਏ। ਜਦੋਂ ਅਸੀਂ ਏਥੇ ਆ ਕੇ ਨਜ਼ਾਰਾ ਵੇਖਿਆ ਤਾਂ ਵਿਲਾਇਤ ਖਾਂ ਸਾਹਿਬ ਸਿਤਾਰ ਵਜਾ ਰਹੇ ਸੀ, ਸਤਿਗੁਰੂ ਜਗਜੀਤ ਸਿੰਘ ਜੀ ਬਿਰਾਜਮਾਨ ਸਨ।" ਅਜੇ ਇਸ ਗੀਤ ਦਾ ਤਰੰਨਮ ਵੀ ਮੇਰੇ ਮਨ ਵਿੱਚ ਪੂਰਾ ਨਹੀਂ ਬਣਿਆ। ਪਰ ਜ਼ਰੂਰ ਕੋਸ਼ਿਸ਼ ਕਰਦਾ ਹਾਂ ਕਿ ਉਸ 'ਸਾਜ਼-ਨਿਵਾਜ਼ ਸਤਿਗੁਰੂ' ਨੂੰ ਮੈਂ ਗਾ ਕੇ ਹੀ ਅਰਪਿਤ ਹੋਵਾਂ-**

ਹੇ ਸਾਜ਼ ਨਵਾਜ਼, ਹੇ ਦਿਲ ਨਵਾਜ਼,
ਹੇ ਮਹਿਰਮ ਰਾਜ਼, ਹੇ ਸੁਰਤ ਸਾਜ਼,
ਹੇ ਦਿਲਰੁਬਾ, ਹੇ ਰੂਹ ਦੇ ਰਾਗ,
ਹੇ ਸਰਪ੍ਰਸਤ, ਹੇ ਸੁਰ-ਪ੍ਰਸਤ,
ਬਣ ਸਾਜ ਸਜੇ ਤੇਰੇ ਦਰ ਦਰਖਤ।
ਸੁਰ ਛੇੜਨ ਪੌਣਾਂ ਉਦੈ ਅਸਤ,
ਇਹ ਕੌਣ ਸਮਾਂ, ਇਹ ਕੌਣ ਵਕਤ,
ਹਰ ਪਹਿਰ ਹੈ ਏਥੇ ਰਾਗ ਰਾਜ਼
ਹੇ ਸਾਜ ਨਵਾਜ਼, ਹੇ ਦਿਲ ਨਵਾਜ਼।

ਇਕ ਪੁੰਨਿਆਂ ਤੇ ਚੰਨ ਮੁੱਖ ਦਾ ਨੂਰ,
ਮੈਂ ਪ੍ਰਥਮ ਵਾਰ ਤੇਰੇ ਹਜ਼ੂਰ,
ਦੇਖੀ ਸੁਰ-ਸੰਗਤ ਦੂਰ-ਦੂਰ,
ਤੱਕਿਆ ਹਰ ਮੁਖੜਾ ਪੁਰ ਸਰੂਰ,
ਕੋਈ ਰਿਮ-ਝਿਮ ਬਰਸ ਰਿਹਾ ਸੀ ਰਾਗ,
ਹੇ ਸਾਜ ਨਵਾਜ਼, ਹੇ ਦਿਲ ਨਵਾਜ਼।
ਹੇ ਮਹਿਰਮ ਰਾਜ਼, ਹੇ ਰੂਹ ਦੇ ਰਾਗ,
ਦੇਖੇ ਮੈਂ ਹਜ਼ਾਰਾਂ ਸਵੇਤ ਕੰਵਲ,
ਜੀ-ਜ਼ਾਮੇ ਰੌਸ਼ਨ, ਨੈਣ ਸਜ਼ਲ,
ਉਹ ਸਦੀਆਂ ਵਰਗੇ ਛਿਣ ਉਹ ਪਲ,
ਸਿਲ ਵਰਗੇ ਦਿਲ ਵੀ ਜਾਣ ਪਿਘਲ,
ਕੋਈ ਥਿਰਕ ਰਿਹਾ ਸੀ ਮਹਾਂ-ਸਾਜ਼,
ਹੇ ਸਾਜ ਨਵਾਜ਼, ਹੇ ਦਿਲ ਨਵਾਜ਼,
ਹੇ ਮਹਿਰਮ ਰਾਜ਼, ਹੇ ਰੂਹ ਦੇ ਰਾਗ।
ਮੁਕਤੀ ਵੀ ਤੁਹੀਂ, ਬੰਦਿਸ਼ ਵੀ ਤੁਹੀਂ,
ਸਾਡਾ ਸਮ ਵੀ ਤੁਹੀਂ, ਲਰਜ਼ਿਸ਼ ਵੀ ਤੁਹੀਂ,
ਹਰਕਤ, ਬਰਕਤ, ਜੁੰਬਸ਼ ਵੀ ਤੁਹੀਂ,
ਸੰਭਲਨ ਵੀ ਤੁਹੀਂ, ਲਗਜ਼ਿਸ਼ ਵੀ ਤੁਹੀਂ,
ਸੁਰ ਕਰਤਾ ਤਨ ਮਨ ਰੂਹ ਦੇ ਸਾਜ਼,
ਹੇ ਸਾਜ ਨਵਾਜ਼, ਹੇ ਦਿਲ ਨਵਾਜ਼,
ਹੇ ਮਹਿਰਮ ਰਾਜ਼, ਹੇ ਰੂਹ ਦੇ ਰਾਗ।
ਸਾਰੇ ਗਮ, ਸਰਗਮ ਹੋ ਜਾਂਦੇ,
ਏਥੇ ਹਮ-ਤੁਮ, ਹਮ-ਦਮ ਹੋ ਜਾਂਦੇ,
ਏਥੇ ਆਹਤ ਮਿਲੇ, ਅਨਾਹਤ ਨੂੰ,
ਏਥੇ ਮੰਜ਼ਿਲ ਮਿਲਦੀ ਚਾਹਤ ਨੂੰ,
ਏਥੋਂ ਰਾਹ ਜਾਂਦੇ ਨੇ ਰਾਹਤ ਨੂੰ,
ਤੇਰਾ ਦਿਲ, ਦਿਲ-ਰੁਬਾ ਤੇ ਰੂਹ ਹੈ ਰਾਗ,
ਹੇ ਸਾਜ ਨਵਾਜ਼, ਹੇ ਦਿਲ ਨਵਾਜ਼,
ਹੇ ਮਹਿਰਮ ਰਾਜ਼, ਹੇ ਰੂਹ ਦੇ ਰਾਗ।
ਤੰਬੂਰ ਹੈ ਤਨ, ਰਗ-ਰਗ ਹੈ ਤੰਤ,
ਰਸਵੰਤ ਸੰਤ ਤੂੰ ਸਦ-ਬਸੰਤ,
ਹੇ ਮਹਿਰਮ ਰਾਜ ਹੇ ਸੁਰਤ ਸਾਜ਼,
ਹੇ ਸਾਜ ਨਵਾਜ਼, ਹੇ ਦਿਲ ਨਵਾਜ਼,
ਹੇ ਮਹਿਰਮ ਰਾਜ਼, ਹੇ ਰੂਹ ਦੇ ਰਾਗ।

ਕਵੀ ਦਰਬਾਰ ਦੀ ਸਮਾਪਤੀ ਪਿਛੋਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਆਏ ਹੋਏ ਸਾਰੇ ਕਵੀਆਂ ਨੂੰ ਸਨਮਾਨ ਦੇ ਕੇ ਨਿਵਾਜਿਆ।

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਕੁਝ ਪੁਸਤਕਾਂ ਤੇ ਮੈਗਜ਼ੀਨ ਰਿਲੀਜ਼ ਕਰਨ ਦੀ ਕ੍ਰਿਪਾ ਵੀ ਕੀਤੀ- ਸਤਨਾਮ ਸਿੰਘ ਕੋਮਲ ਦੀ ਪੁਸਤਕ 'ਤੇਰੀ ਸਿਫ਼ਤ ਮੇਰੀ ਕਲਮ', ਰਜਿੰਦਰ ਕੌਰ ਪੰਨੂ ਦੀ ਪੁਸਤਕ 'ਕੋਈ ਤੱਕੇ ਹਾਲ ਅਸਾਡੜੇ', ਸੁਰਿੰਦਰ ਦੀਪ ਦੀ ਪੁਸਤਕ 'ਪ੍ਰਿ: ਪ੍ਰੇਮ ਸਿੰਘ ਬਜਾਜ' ਬਾਰੇ ਅਤੇ ਸਰਬ-ਸ਼ਕਤੀਮਾਨ ਜੀ ਦੇ 'ਵਰਤਮਾਨ ਹਿੰਦੁਸਤਾਨ' ਮੈਗਜ਼ੀਨ ਦਾ 'ਸਤਿਗੁਰੂ ਜਗਜੀਤ ਸਿੰਘ ਵਿਸ਼ੇਸ਼ ਅੰਕ।'

ਕਵੀ ਦਰਬਾਰ ਉਪਰੰਤ- ਸ੍ਰੀ ਸੁਰਜੀਤ ਪਾਤਰ ਜੀ ਨੇ ਟੀ.ਵੀ. ਚੈਨਲਾਂ ਵਾਲੇ ਪੱਤਰਕਾਰਾਂ ਨੂੰ ਅੱਜ ਦੇ ਸ਼ਤਾਬਦੀ ਮੇਲੇ ਬਾਰੇ ਬਾਈਟ ਦੇਦਿਆਂ ਜੋ ਸ਼ਬਦ ਕਹੇ, ਸ਼ਬਦ-ਬ-ਸ਼ਬਦ ਪਾਠਕਾਂ ਦੇ ਦ੍ਰਿਸ਼ਟੀ ਗੋਚਰ ਹਨ:

**ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰਕਾਸ਼ ਸ਼ਤਾਬਦੀ ਦੇ ਮੌਕੇ ਤੇ ਹੋਰ ਕਵੀ ਜਨਾਂ ਨਾਲ ਮੈਨੂੰ ਵੀ ਏਥੇ ਕਵੀ ਦਰਬਾਰ ਵਿੱਚ ਹਾਜ਼ਰੀ ਭਰਨ ਦਾ ਸੁਭਾਗ ਪ੍ਰਾਪਤ ਹੋਇਆ। ਸਤਿਗੁਰੂ ਜਗਜੀਤ ਸਿੰਘ ਜੀ ਦੀ, ਰੂਹਾਨੀਅਤ ਨੂੰ, ਪੰਜਾਬ ਦੀ ਸਮੁੱਚੀ ਸੁਰਤ ਨੂੰ ਅਤੇ ਨਾਮਧਾਰੀ ਦਰਬਾਰ ਨੂੰ ਬਹੁਤ ਵੱਡੀ ਦੇਣ ਹੈ।**

**ਨਾਮਧਾਰੀ ਲਹਿਰ, ਹਿੰਦੁਸਤਾਨ ਦੀ ਆਜ਼ਾਦੀ ਦੀ ਪਹਿਲੀ ਲਹਿਰ ਜੋ ਸਤਿਗੁਰੂ ਰਾਮ ਸਿੰਘ ਹੁਰਾਂ ਨੇ ਪਹਿਲੀ ਬੁਲੰਦ ਆਵਾਜ਼ ਉਠਾਈ ਸੀ, ਨਾ-ਮਿਲਵਰਤਨ ਅਤੇ ਸਵਦੇਸ਼ੀ ਦੀ ਲਹਿਰ ਵੀ ਸਭ ਤੋਂ ਪਹਿਲੋਂ ਏਸੇ ਧਰਤੀ ਤੋਂ ਅਤੇ ਨਾਮਧਾਰੀ ਦਰਬਾਰ ਤੋਂ ਹੀ ਉਠੀ ਸੀ।**

**ਸਤਿਗੁਰੂ ਜਗਜੀਤ ਸਿੰਘ ਹੁਰਾਂ ਦੇ ਦਰਸ਼ਨ ਕਰਨ ਦਾ ਵੀ ਬਹੁਤ ਵਾਰ ਮੌਕਾ ਮਿਲਿਆ ਅਤੇ ਉਨ੍ਹਾਂ ਦਾ ਪਿਆਰ ਮਿਲਿਆ। ਉਨ੍ਹਾਂ ਨੇ ਕਲਾ ਦੀ ਦੁਨੀਆਂ ਵਿੱਚ ਬਹੁਤ ਲੋਕਾਂ ਨੂੰ ਸਰਪ੍ਰਸਤੀ ਦਿੱਤੀ। ਬੇਸ਼ੱਕ ਉਹ ਸੰਗੀਤਕਾਰ ਸਨ ਜਾਂ ਸਾਹਿਤਕਾਰ, ਸੰਤ ਸਿੰਘ ਸੇਖੋਂ ਜਾਂ ਕਿਰਪਾਲ ਸਿੰਘ ਕਸੇਲ ਵਰਗੇ। ਏਥੋਂ ਆਪਣੇ ਨਾਮਧਾਰੀ ਬੱਚਿਆਂ ਨੂੰ ਵੱਡੇ ਸੰਗੀਤ ਉਸਤਾਦਾਂ ਦੇ ਸ਼ਾਗਿਰਦ ਬਣਾਇਆ, ਇਸਤਰ੍ਹਾਂ ਉਨ੍ਹਾਂ ਦੀ ਪੰਜਾਬ ਦੇ, ਭਾਰਤ ਦੇ ਸੰਗੀਤ ਜਗਤ ਨੂੰ ਬਹੁਤ ਵੱਡੀ ਦੇਣ ਹੈ, ਉਨ੍ਹਾਂ ਨਾਲ ਬਹੁਤ ਕਵੀ, ਸੰਗੀਤਕਾਰ, ਸਾਹਿਤਕਾਰ ਜੁੜੇ ਰਹੇ। ਸਤਿਗੁਰੂ ਜਗਜੀਤ ਸਿੰਘ ਜੀ ਦੀ ਸ਼ਖ਼ਸੀਅਤ ਵਿੱਚ ਇਕ ਰਸਿਕਤਾ ਹੈ। ਇਕ ਰੂਹਾਨੀਅਤ ਹੈ, ਉਹ ਆਪ ਬਹੁਤ ਅੱਛੇ ਸਾਜ਼-ਨਵਾਜ਼ ਸਨ, ਸੰਗੀਤੱਗਯ ਸਨ। ਅਸੀਂ ਉਨ੍ਹਾਂ ਨੂੰ ਹਿਰਦਿਓਂ ਯਾਦ ਕਰਦੇ ਹਾਂ ਤੇ ਉਨ੍ਹਾਂ ਦੀ ਪਵਿੱਤਰ ਯਾਦ ਨੂੰ ਸਿਰ ਝੁਕਾਉਂਦੇ ਹਾਂ।**

ਉਪਰੰਤ ਇੱਕ ਘੰਟਾ ਨਾਮ-ਸਿਮਰਨ ਦੀ ਸਮਾਪਤੀ ਪਿਛੋਂ ਮਾਸਟਰ ਅਮਰੀਕ ਸਿੰਘ ਜੀ ਦਾ ਸਨਮਾਨ ਉਹਨਾਂ ਦੇ ਵਿਦਿਆਰਥੀਆਂ (ਗੁਰਦੀਪ ਸਿੰਘ ਕੂਕਾ, ਗੁਰਮੁਖ ਸਿੰਘ ਸ਼ਾਹ, ਜੋਗਾ ਸਿੰਘ ਮਦਾਰ, ਗੁਰਭੇਜ ਸਿੰਘ ਗੁਰਾਇਆ ਤੇ ਚਰਨਜੀਤ ਸਿੰਘ ਦਿੱਲੀ) ਵੱਲੋਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਕਰ-ਕਮਲਾਂ ਰਾਹੀਂ ਕੀਤਾ ਗਿਆ।

**ਡਾ. ਅਲੰਕਾਰ ਸਿੰਘ ਦੇ ਜਥੇ ਦੁਆਰਾ ਸ਼ਬਦ-ਕੀਰਤਨ:** ਸ਼ਾਸਤ੍ਰੀ-ਸੰਗੀਤ ਤੇ ਗੁਰਬਾਣੀ-ਸੰਗੀਤ ਦੇ ਵਿਦਵਾਨ ਤੇ ਪ੍ਰੇਮੀ ਡਾ. ਅਲੰਕਾਰ ਸਿੰਘ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਸੰਗੀਤ-ਵਿਭਾਗ ਵਿਚ ਅਸਿਸਟੈਂਟ ਪ੍ਰੋਫੈਸਰ ਦੀ ਪਦਵੀ 'ਤੇ ਕਾਰਜਰਤ ਹਨ। ਇਹ ਸੱਜਣ ਨਾਮਧਾਰੀ ਕਲਾਕਾਰ-ਰਾਗੀ ਬਲਵੰਤ ਸਿੰਘ ਅਤੇ ਈਸ਼ਰ ਸਿੰਘ ਤਾਰ ਸ਼ਹਿਨਾਈ ਨਾਲ ਨੇੜਤਾ ਤੇ ਸੰਪਰਕ ਸਦਕਾ ਅੱਜ ਦੇ ਸ਼ਤਾਬਦੀ-ਸਮਾਰੋਹ ਪ੍ਰੋਗਰਾਮ ਵਿਚ ਸਤਿਗੁਰੂ ਜੀ ਦੇ ਦਰਬਾਰ ਵਿਚ ਹਾਜ਼ਰੀ ਭਰਨ ਵਾਸਤੇ ਪਧਾਰੇ। ਡਾ. ਅਲੰਕਾਰ ਸਿੰਘ ਜੀ ਨੇ ਹਾਰਮੋਨੀਅਮ 'ਤੇ ਆਪਣੇ ਤਬਲਾਵਾਦਕ ਸਾਥੀ ਨਰਿੰਦਰਪਾਲ ਸਿੰਘ ਅਤੇ ਨਾਮਧਾਰੀ ਰਾਗੀ ਈਸ਼ਰ ਸਿੰਘ ਤਾਰਸ਼ਹਿਨਾਈ ਅਤੇ ਗੁਰਭਗਤ ਸਿੰਘ ਤਾਨਪੁਰਾ ਸਹਿਤ ਰਾਗ ਧਨਾਸਰੀ ਪੜਤਾਲ ਵਿਚ ਗੁਰਬਾਣੀ ਦਾ ਸ਼ਬਦ ਰਸ-ਭਿੰਨੀ ਆਵਾਜ਼ ਵਿਚ ਗਾਇਆ—

'ਹਰਿ ਚਰਨ ਸਰਨ ਗੋਬਿੰਦ ਦੁਖ ਭੰਜਨਾ'।

ਸ੍ਰੀ ਸਤਿਗੁਰੂ ਜੀ ਨੇ ਡਾ. ਅਲੰਕਾਰ ਸਿੰਘ ਤੇ ਉਹਨਾਂ ਦੇ ਸਾਥੀ ਨੂੰ ਸਿਰਪਾਓ ਦੇ ਕੇ ਨਿਵਾਜਿਆ।

**ਸ਼ਾਮ ਦਾ ਪ੍ਰੋਗਰਾਮ 6:00 ਤੋਂ 8:00**

ਨਾਮਧਾਰੀ ਕਲਾ ਕੇਂਦਰ ਸ੍ਰੀ ਭੈਣੀ ਸਾਹਿਬ ਦੇ ਸੰਗੀਤ ਸਿੱਖਦੇ ਬੱਚਿਆਂ ਵੱਲੋਂ ਅੱਜ ਸ਼ਤਾਬਦੀ ਸਮਾਗਮ ਦੌਰਾਨ ਸਭ ਤੋਂ ਪਹਿਲਾਂ ਬਲਵੰਤ ਸਿੰਘ ਦੇ ਨਿਰਦੇਸ਼ਨ ਵਿੱਚ ਵਿਨਾਇਕ ਸਹਾਏ (ਸਾਰੰਗੀ) ਹਰਨਾਮ ਸਿੰਘ (ਤਬਲਾ), ਬਸੰਤ ਸਿੰਘ, ਸੰਤਾ ਸਿੰਘ ਤੇ ਰਤਨ ਸਿੰਘ ਦੇ ਜਥੇ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਦੋ ਰਾਗਾਂ 'ਸ੍ਰੀ, ਰਾਗ ਤੇ 'ਕਲਿਆਣ, ਰਾਗ ਨੂੰ ਮਿਲਾ ਕੇ ਈਜਾਦ ਕੀਤੇ ਨਵੀਨ ਰਾਗ 'ਕਲਿਆਣ ਸ੍ਰੀ' ਵਿੱਚ ਇਹ ਸ਼ਬਦ ਗਾਇਨ ਕੀਤਾ- 'ਆਦਿ ਗੁਰ ਏ ਨਮਹ॥ ਜੁਗਾਦਿ ਗੁਰ ਏ ਨਮਹ॥' ਉਪਰੰਤ, ਇਹਨਾਂ ਨੇ ਰਾਗ ਕਾਨੜਾ ਦੇ ਪ੍ਰਕਾਰਾਂ ਦਾ ਗਾਇਨ 'ਬਲਮਾ ਰੇ ਚੁਨਰੀਆ', 'ਮੈਂ ਵਾਰੀ ਸਈਆਂ ਗਾਵੋ' ਬੰਦਿਸ਼ਾਂ ਦਾ ਗਾਇਨ ਕੀਤਾ।

ਏਸੇ ਜਥੇ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਤਿਆਰ ਕੀਤੀ ਇਕ ਬੰਦਿਸ਼ (ਰਾਗ ਹਿੰਡੋਲ ਪੰਚਮ ਸਾਢੇ ਸਤਾਰਾਂ ਮਾਤਰਾ ਵਿੱਚ)- 'ਕੈਸੀ ਬਜਾਈ ਮੁਰਲੀ ਘਨ ਸ਼ਯਾਮ' ਸੁਣਾਈ। ਉਪਰੰਤ, ਇਹਨਾਂ ਨੇ ਰਾਗ ਹਿੰਡੋਲ ਵਿੱਚ 'ਬਸੰਤ ਖਿਲੀ ਪਿਆਰੀ' ਦਾ ਗਾਇਨ ਕੀਤਾ। ਉਪਰੰਤ ਹਜ਼ੂਰੀ ਰਾਗੀ ਬਲਵੰਤ ਸਿੰਘ ਜੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਉਸਤਤ ਵਿੱਚ ਲਿਖੀ ਅਤੇ ਸੁਰ-ਬੱਧ ਕੀਤੀ ਬਹੁਤ ਪਿਆਰੀ ਰਚਨਾ ਰਾਗ ਦੇਸ਼ ਕੈਰਵੇ ਤਾਲ ਵਿੱਚ ਗਾਇਨ ਕੀਤੀ: ਰਚਨਾ ਦੇ ਬੋਲ ਹਨ:

ਮਨੋਹਰ ਐਸੇ ਗੁਰੂ ਜਗਜੀਤ,<br>
ਸਗਲ ਜੀਵਨ ਕੇ ਆਧਾਰ ਯਹੀ ਹੈਂ,<br>
ਸੇਵਾ ਸਿਮਰਨ ਔਰ ਸੰਗੀਤ।<br>
ਜੋ ਬੇਅੰਤ ਕੇ ਦੁਆਰੇ ਆਏ,<br>
ਰਾਗ ਨਾਦ ਕਾ ਪ੍ਰਸਾਦ ਪਾਏ,<br>
ਤਨ ਤਾਲ ਬਸੇ, ਮਨ ਰਾਗ ਰਸੇ,<br>
ਉਚਾਰੇ ਐਸੀ ਅਚਰਜ ਰੀਤ।<br>
ਮਨੋਹਰ ਐਸੇ ਗੁਰੂ ਜਗਜੀਤ

ਸੁਰਿ ਨਰ ਮੁਨਿ ਜਨ ਉਸਤਤਿ ਗਾਵੈ,<br>
ਰਾਗ ਗਰਾਨੀ ਗਾਇ ਰੀਝਾਵੈ,<br>
ਤੁਮ ਹੋ ਦਾਤਾ ਪ੍ਰਭ ਦੀਨ ਦਇਆਲ,<br>
ਦਰਸਨ ਕਰ ਮਨ ਹੋਵਤ ਸੀਤ।<br>
ਮਨੋਹਰ ਐਸੇ ਗੁਰੂ ਜਗਜੀਤ

ਅਤੇ ਅਖੀਰ ਵਿੱਚ 'ਹੇ ਮਾਂ ਗਰਜ ਗਰਜ ਬਰਸ ਰਹੀਆਂ ਬੂੰਦਰੀਆਂ' ਬੰਦਿਸ਼ ਪੇਸ਼ ਕੀਤੀ।

**ਰਾਤ ਦੇ ਦੀਵਾਨ:** ਸੂਬਾ ਅਜੀਤ ਸਿੰਘ ਬਟਾਲਾ ਨੇ 'ਆਵਹੁ ਮੀਤੁ ਪਿਆਰੇ ਮੰਗਲ ਗਾਵਹੁ ਨਾਰੇ' ਟੇਕ ਲੈ ਕੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਜੀਵਨ ਵਿੱਚੋਂ ਕੁਝ ਸਾਖੀਆਂ ਦਾ ਵਰਨਣ ਕੀਤਾ। ਸੂਬਾ ਮੋਹਕਮ ਸਿੰਘ ਨੇ 'ਭਵਨ ਸੁਹਾਵੜਾ ਧਰਤਿ ਸੁਭਾਗੀ ਰਾਮ॥' ਟੇਕ ਲੈ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਗੁਣ ਗਾਇਨ ਕੀਤਾ। ਸੰਤ ਜਸਪਾਲ ਸਿੰਘ (ਸੰਤ ਨਗਰ) ਨੇ 'ਜਗਜੀਤ ਉਦੈ ਰਾਮ ਹਰੀ ਪ੍ਰਤਾਪ' ਟੇਕ ਲੈ ਕੇ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਇੰਗਲੈਂਡ ਵਿਖੇ ਬਾਰਿਸ਼ ਕਰਵਾਉਣ ਦਾ ਕਾਵਿ-ਪ੍ਰਸੰਗ (ਮਰਹੂਮ ਸੂਬਾ ਸੇਵਾ ਸਿੰਘ ਜਗਾਧਰੀ ਦਾ ਲਿਖਿਆ) ਸੁਣਾਇਆ। ਇਹਨਾਂ ਦੀਵਾਨਾਂ ਵਿੱਚ ਜਥੇਦਾਰ ਨਿਸ਼ਾਨ ਸਿੰਘ ਦਿੱਲੀ ਨੇ ਹਰਮੋਨੀਅਮ ਵਜਾ ਕੇ ਸਾਥ ਦਿੱਤਾ।

**27 ਨਵੰਬਰ 2020**

ਅੱਜ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਰਾਗੀ ਬਲਵੰਤ ਸਿੰਘ, ਹਰਵਿੰਦਰ ਸਿੰਘ, ਸਰਮੁਖ ਸਿੰਘ (ਦਿਲਰੁਬਾ), ਈਸ਼ਰ ਸਿੰਘ (ਤਾਰ ਸ਼ਹਿਨਾਈ) ਤੇ ਹਰਪ੍ਰੀਤ ਸਿੰਘ (ਤਬਲਾ) ਦੇ ਜਥੇ ਨੇ ਗਾਇਨ ਕੀਤਾ। ਰਾਗੀ ਬਲਵੰਤ ਸਿੰਘ ਨੇ ਹਰਪਾਲ ਸਿੰਘ ਸੇਵਕ ਦਾ ਲਿਖਿਆ ਇਹ ਗੀਤ ਵੀ ਗਾਇਨ ਕੀਤਾ-

ਪੂਰਨ ਜੋਤਿ ਜਪੈ ਨਿਸ ਬਾਸੁਰ ਦੁਖ ਹਰਤਾ ਸੁਖ ਮੀਤ।
ਰਾਮ ਹਰੀ ਪ੍ਰਤਾਪ ਦੀ ਮੂਰਤ ਸ੍ਰੀ ਸਤਿਗੁਰ ਜਗਜੀਤ।
ਕਸ਼ਟ ਨਿਵਾਰਨ, ਪਤਿਤ ਉਧਾਰਨ, ਪਾਵਨ ਪਵਨ ਪੁਨੀਤ,
ਦੁਸਟ ਬਿਦਾਰਨ, ਸੰਤ ਉਭਾਰਨ, ਧਰਮ ਕਰਮ ਕੀ ਰੀਤ।

ਵਾਰ ਦੇ ਭੋਗ ਉਪਰੰਤ **ਨੌਜਵਾਨ ਵਿਦਵਾਨ ਗੁਰਲਾਲ ਸਿੰਘ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਕਾਰਾਤਮਕ ਸੋਚ ਅਤੇ ਕਾਰਜਾਂ ਤੇ ਰੋਸ਼ਨੀ ਪਾਈ** ਜੋ ਆਪ ਜੀ ਦੀ ਬਹੁਪੱਖੀ ਸ਼ਖ਼ਸੀਅਤ ਦਾ ਇਕ ਪ੍ਰਮੁੱਖ ਪੱਖ ਹੈ। ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਜੀਵਨ ਦੌਰਾਨ ਬਹੁਤ ਸਾਰੇ ਨਵੇ ਕਾਰਜਾਂ ਨੂੰ ਛੋਹਿਆ ਅਤੇ ਉਹਨਾਂ ਨੂੰ ਸੰਪੂਰਨ ਵੀ ਕੀਤਾ। ਆਪ ਜੀ ਨੇ ਦੇਸ਼-ਵੰਡ ਦੇ ਸਮੇਂ ਬੜੇ ਮੁਸ਼ਕਿਲ ਹਾਲਾਤ ਵਿੱਚ ਪੱਛਮੀ ਪੰਜਾਬ ਵਿਚੋਂ ਹਜ਼ਾਰਾਂ ਸਿੱਖਾਂ ਨੂੰ ਭਾਰਤ ਲਿਆਉਣ ਲਈ ਅਣਥੱਕ ਯਤਨ ਕੀਤੇ। ਆਪ ਜੀ ਨੇ ਆਪਣੇ ਪਿਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮਾਂ ਨੂੰ ਖਿੜੇ ਮੱਥੇ ਪ੍ਰਵਾਨ ਕਰਕੇ ਅਮਲੀ ਜਾਮਾ ਪਹਿਨਾਇਆ। ਗੁਰਲਾਲ ਸਿੰਘ ਨੇ ਕਿਹਾ ਕਿ ਮਹਾਨ ਮਨੁੱਖ ਦੀ ਇਹ ਨਿਸ਼ਾਨੀ ਹੁੰਦੀ ਹੈ ਕਿ ਉਹ ਛੋਟੇ ਛੋਟੇ ਕੰਮਾਂ ਨੂੰ ਮਹਾਨ ਕਰ ਦਿੰਦਾ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੀ ਸ਼ਖ਼ਸੀਅਤ ਦੇ ਪ੍ਰਭਾਵ ਹੀ ਐਸੇ ਸਨ ਕਿ ਨਾਮਧਾਰੀ ਪੰਥ ਵਿੱਚ ਸਾਕਾਰਾਤਮਕ ਸੋਚ ਹੈ, ਚੜ੍ਹਦੀ ਕਲਾ ਦਾ ਸੰਕਲਪ ਹੈ ਅਤੇ ਨਾਕਾਰਾਮਤਕ ਸੋਚ ਅਤੇ ਆਤਮ-ਹੱਤਿਆ ਵਰਗੀਆਂ ਘਟਨਾਵਾਂ 0% ਹਨ। ਏਸੇ ਸੋਚ ਨੂੰ ਸਤਿਗੁਰਾਂ ਨੇ ਆਪਣੀ ਅਧਿਆਤਮਿਕਤਾ ਵਿੱਚ ਵੀ ਰੂਪਮਾਨ ਕੀਤਾ।

**ਹੱਲੇ ਦੇ ਦੀਵਾਨ:**

ਜਥੇਦਾਰ ਦਵਿੰਦਰ ਸਿੰਘ ਕੁਹਾਲੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਬਚਪਨ ਦੀਆਂ ਕੁਝ ਘਟਾਨਾਵਾਂ ਦਾ ਵਰਨਣ ਕੀਤਾ। ਜਥੇਦਾਰ ਜਸਵਿੰਦਰ ਸਿੰਘ ਭਿੰਡਰ (ਰਾਣੀਆਂ) ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਸੰਸਾਰ ਅਮਨ ਕਾਨਫਰੰਸਾਂ ਵਿੱਚ ਪਾਏ ਵੱਡੇ ਯੋਗਦਾਨ ਦਾ ਜ਼ਿਕਰ ਕੀਤਾ।

**ਵਿਦਵਾਨਾਂ ਦੇ ਲੈਕਚਰ:**

ਅੱਜ ਦੁਪਹਿਰ ਦੇ ਵਿਸ਼ੇਸ਼ ਪ੍ਰੋਗਰਾਮ ਵਿੱਚ ਉਚੇਚੇ ਆਮੰਤ੍ਰਿਤ ਵਿਦਵਾਨਾਂ ਦੇ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਭਾਸ਼ਨ ਹੋਏ- ਮੰਚ ਸੰਚਾਲਕ ਅਤੇ ਪਹਿਲੇ ਬੁਲਾਰੇ:

**ਸੁਵਰਨ ਸਿੰਘ ਵਿਰਕ** ਨੇ ਕਿਹਾ ਕਿ ਸ੍ਰੀ ਭੈਣੀ ਸਾਹਿਬ ਤੋਂ ਸਮੇਂ ਸਮੇਂ ਆਜ਼ਾਦੀ ਘੁਲਾਟੀਆਂ ਨੂੰ ਸਹਾਇਤਾ, ਉਤਸ਼ਾਹ ਅਤੇ ਰਹਿਨੁਮਾਈ ਮਿਲਦੀ ਰਹੀ। ਸ੍ਰੀ ਸਤਿਗੁਰੂ ਜਗਜੀਤ ਜੀ ਨੇ ਆਪਣੇ ਬਚਪਨ ਵਿੱਚ ਹੀ ਗੜ੍ਹਦੀਵਾਲ (ਜ਼ਿਲਾ-ਹੁਸ਼ਿਆਰਪੁਰ) ਸੰਤ ਹਰਨਾਮ ਸਿੰਘ ਦੇ ਡੇਰੇ ਵਿਖੇ ਰਹਿੰਦਿਆਂ ਉਸਤਾਦ ਹਰਨਾਮ ਸਿੰਘ ਚਵਿੰਡਾ ਪਾਸੋਂ ਰਾਗ ਸਿੱਖਣਾ ਆਰੰਭ ਕਰ ਦਿੱਤਾ। ਸ੍ਰੀ ਭੈਣੀ ਸਾਹਿਬ ਵਿੱਚ ਆ ਕੇ 1928 ਈ. ਤੋਂ ਇਹਨਾਂ ਨੇ ਵਿਦਿਆਲੇ ਵਿੱਚ ਗੁਰਮੁਖੀ, ਹਿੰਦੀ, ਸੰਸਕ੍ਰਿਤ ਅਤੇ ਅੰਗਰੇਜ਼ੀ ਦੀ ਸਿੱਖਿਆ ਪ੍ਰਾਪਤ ਕੀਤੀ। ਸਵਾਮੀ ਤਖ਼ਤ ਸਿੰਘ ਹੋਰਾਂ ਤੋਂ ਆਪ ਸਤਿਗੁਰ-ਸਾਖੀਆਂ ਅਤੇ ਗੁਰ-ਇਤਿਹਾਸ ਸੁਣਦੇ ਰਹੇ। ਜੁਆਨੀ ਸਮੇਂ ਆਪ ਜੀ ਬਹੁਤ ਮੁਸ਼ਕਿਲ ਹਾਲਾਤ ਵਿੱਚ ਪੱਛਮੀ ਪੰਜਾਬ 'ਚੋਂ ਆਪਣੇ ਸਿੱਖਾਂ ਨੂੰ ਕੱਢਣ ਵਾਸਤੇ ਜਾਂਦੇ ਰਹੇ। ਸ੍ਰੀ ਜੀਵਨ ਨਗਰ ਦੇ ਇਲਾਕੇ ਵਿੱਚ ਖਰੀਦੀ ਹੋਈ ਜ਼ਮੀਨ ਨੂੰ ਵੰਡਣ ਦਾ ਕਾਰਜ ਵੀ ਆਪ ਜੀ ਨੇ ਸਕੁਸ਼ਲ ਤਰੀਕੇ ਨਾਲ ਨਿਭਾਇਆ। ਗੋਪਾਲ ਰਤਨ ਅਵਾਰਡ ਆਪ ਜੀ ਨੂੰ ਗਊ ਧਨ ਨਾਲ ਅਥਾਹ ਪ੍ਰੇਮ ਅਤੇ ਨਸਲ ਸੁਧਾਰ ਕਰਨ ਸਦਕਾ ਪ੍ਰਾਪਤ ਹੋਇਆ। ਸੰਗੀਤ ਦੇ ਖੇਤਰ ਵਿਚ ਆਪ ਜੀ ਦੇ ਬੇਮਿਸਾਲ ਯੋਗਦਾਨ ਸਦਕਾ ਭਾਰਤ ਦੀ ਸੰਗੀਤ ਨਾਟਕ ਅਕੈਡਮੀ ਨੇ 'ਟੈਗੋਰ ਫੈਲੋਸ਼ਿਪ' ਸਨਮਾਨ ਆਪ ਜੀ ਨੂੰ ਭੇਟ ਕੀਤਾ।

**ਸਰਦਾਰ ਬਲਕੌਰ ਸਿੰਘ ਗਿੱਲ** ਨੇ ਕਿਹਾ ਕਿ ਮੇਰਾ ਨਾਮਧਾਰੀਆਂ ਦੀ ਸਾਬਤ ਸੂਰਤ ਤੇ ਸਿੱਖੀ ਸੀਰਤ ਨਾਲ ਵਾਹ ਪੈਣ ਉਪਰੰਤ ਹੀ ਮੈਨੂੰ ਇਹਨਾਂ ਬਾਰੇ ਸਹੀ ਜਾਣਕਾਰੀ ਪ੍ਰਾਪਤ ਹੋਈ। ਨਾਮਧਾਰੀ ਸਿੱਖ ਸੁੱਚੇ ਬੋਲ, ਵਿਹਾਰ ਤੇ ਕਿਰਦਾਰ ਦੇ ਧਾਰਨੀ ਹਨ। ਸੁੱਚ ਦਾ ਸੰਕਲਪ ਸਾਡੇ ਸਮਾਜ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਨਾਮਧਾਰੀ ਪੰਥ ਤੋਂ ਹੀ ਸਿੱਖਿਆ। ਅੰਗਰੇਜ਼ ਨੂੰ ਸਭ ਤੋਂ ਵਧੇਰੇ ਜੇ ਕੋਈ ਰੜਕਿਆ ਤਾਂ ਉਹ ਸਤਿਗੁਰੂ ਰਾਮ ਸਿੰਘ ਜੀ ਹੀ ਸਨ। ਜਗੀਰਦਾਰੂ ਖਾਲਸਾ ਦਰਬਾਰ ਵਿੱਚ ਉਰਦੂ, ਅਰਬੀ, ਫਾਰਸੀ ਹੀ ਲਾਗੂ ਸੀ। ਮਹਾਰਾਜਾ ਰਣਜੀਤ ਸਿੰਘ ਨੇ ਵੀ ਗੁਰਮੁਖੀ ਵੱਲ ਕੋਈ ਧਿਆਨ ਨਹੀਂ ਦਿੱਤਾ। ਇਹ ਸਤਿਗੁਰੂ ਰਾਮ ਸਿੰਘ ਜੀ ਹੀ ਸਨ ਜਿਹਨਾਂ ਨੇ ਸਿੱਖ ਸਮਾਜ ਅਤੇ ਸਾਰੇ ਪੰਜਾਬ ਨੂੰ ਆਪਣੀ ਮਾਤ ਭਾਸ਼ਾ ਪੰਜਾਬੀ ਬੋਲਣ ਅਤੇ ਸਿੱਖਣ ਵਾਸਤੇ ਸੁਚੇਤ

ਕੀਤਾ। ਸਤਿਗੁਰੂ ਰਾਮ ਸਿੰਘ ਜੀ ਦੇ ਸੰਕਲਪਾਂ ਦੇ ਚਾਰ ਮੁੱਖ ਅੰਗ ਸਨ- ਭਾਸ਼ਾ, ਭੇਸ, ਭੋਜਨ ਤੇ ਭਾਵਨਾ, ਜਿਨ੍ਹਾਂ ਵਿਚੋਂ ਕਿਸੇ ਇਕ ਨੂੰ ਵੀ ਤਿਆਗਿਆਂ ਅਸੀਂ ਆਪਣੇ ਸੱਭਿਆਚਾਰ ਤੋਂ ਹੀਣੇ ਹੋ ਜਾਂਦੇ ਹਾਂ। ਭਾਵਨਾਤਮਕ ਸੰਸਾਰ ਹੀ ਸਾਡੀ ਹਸਤੀ ਨੂੰ ਕਾਇਮ ਰੱਖਦਾ ਹੈ। ਗੁਰਬਾਣੀ ਅੰਦਰ ਸਚਿਆਰ ਹੋਣ ਦਾ ਸੰਕਲਪ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਵਿੱਚ ਹੀ ਪ੍ਰਗਟ ਕਰ ਦਿੱਤਾ ਹੈ। ਸਚਿਆਰ, ਸ਼ਿਸ਼ਟਾਚਾਰ, ਸੱਭਿਆਚਾਰ, ਅਧਿਆਤਮਿਕਤਾ ਤੇ ਸਦਾਚਾਰ ਦੇ ਸਤਿਗੁਰੂ ਰਾਮ ਸਿੰਘ ਜੀ ਦੇ ਸੰਕਲਪਾਂ ਉੱਪਰ ਸਤਿਗੁਰੂ ਜਗਜੀਤ ਸਿੰਘ ਜੀ ਨੇ ਪਹਿਰਾ ਦੇਂਦਿਆਂ ਨਾਮਧਾਰੀ ਸਿੱਖਾਂ ਨੂੰ ਦੀਨੀ ਅਤੇ ਦੁਨਿਆਵੀ ਦੋਹਾਂ ਪਹਿਲੂਆਂ ਵਿੱਚ ਪਾਰੰਗਤ ਕੀਤਾ।

**ਗੁਲਜ਼ਾਰ ਸਿੰਘ ਪੰਧੇਰ** ਨੇ ਕਿਹਾ ਕਿ ਮੈਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਤੀ ਆਪਣੇ ਬਚਪਨ ਵਿੱਚ ਹੀ ਸ਼ਰਧਾਮੂਲਕ ਭਾਵਨਾ ਰੱਖਣ ਲੱਗ ਪਿਆ ਸਾਂ। ਸਾਡੇ ਪਿੰਡ ਸਿਆੜ੍ਹ ਦੇ ਜਥੇਦਾਰ ਮੇਹਰ ਸਿੰਘ ਹੋਰੀਂ ਕਥਾ ਕਰਿਆ ਕਰਦੇ ਸੀ। 1863 ਈ. ਵਿੱਚ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਅੰਮ੍ਰਿਤ ਛਕਣ ਉਪਰੰਤ ਨਾਮਧਾਰੀ ਬੀਬੀਆਂ ਘਰ ਨਹੀਂ ਸੀ ਬੈਠੀਆਂ, ਵੀਰਾਂਗਨਾਂ ਬਣ ਕੇ ਸੰਗਰਾਮੀ ਕਾਰਜ ਕਰਦੀਆਂ ਰਹੀਆਂ। ਆਪ ਜੀ ਨੇ ਦੇਸ਼-ਵੰਡ ਸਮੇਂ ਫਿਰਕੂ ਦੰਗਿਆਂ ਨੂੰ ਯਥਾ-ਸ਼ਕਤ ਰੋਕਿਆ। ਨਾਮਧਾਰੀ ਸਿੱਖਾਂ ਵਿੱਚ ਕੋਈ ਦਵੈਤ ਭਾਵਨਾ ਨਾ ਸੀ ਤੇ ਨਾ ਹੈ। ਆਪ ਜੀ ਨੇ ਆਪਣੇ ਸਕੂਲ ਕਾਲਜ ਖੋਲ੍ਹ ਕੇ ਪੰਜਾਬੀ ਭਾਸ਼ਾ ਤੇ ਵਿੱਦਿਆ ਦਾ ਪ੍ਰਚਾਰ-ਪ੍ਰਸਾਰ ਕੀਤਾ। ਸਤਿਗੁਰੂ ਜਗਜੀਤਸਿੰਘ ਜੀ ਨੇ ਸਾਹਿਤਕਾਰਾਂ, ਲੇਖਕਾਂ ਨੂੰ ਗਲੇ ਲਾਇਆ, ਸੰਪਰਕ ਬਣਾਈ ਰੱਖਿਆ ਅਤੇ ਹਰ ਸੰਭਵ ਸਹਾਇਤਾ ਕਰਦੇ ਰਹੇ। ਆਪ ਜੀ ਨੇ ਨਾਮਧਾਰੀ ਇਤਿਹਾਸ ਨੂੰ ਸੰਭਾਲਿਆ ਤੇ ਨਵੇਂ ਸਿਰਿਓਂ ਖੋਜ ਵੀ ਕਰਵਾਈ। ਸਾਹਿਤ ਸਭਾਵਾਂ, ਪੰਜਾਬੀ ਅਖ਼ਬਾਰਾਂ ਤੇ ਰਸਾਲਿਆਂ ਦੀ ਸਰਪ੍ਰਸਤੀ ਤੇ ਸਹਾਇਤਾ ਕੀਤੀ। ਜਦੋਂ ਜਦੋਂ ਵੀ ਸਾਹਿਤਕਾਰ ਆਪਣੇ ਵੱਡੇ ਵੱਡੇ ਸਮਾਗਮ ਕਰਦੇ ਤਾਂ ਸ੍ਰੀ ਸਤਿਗੁਰੂ ਜੀ ਵੱਲੋਂ ਲੰਗਰ ਅਤੇ ਮਾਇਕ ਸਹਾਇਤਾ ਮਿਲਦੀ ਰਹੀ।

**ਹਰਪਾਲ ਸਿੰਘ ਸੇਵਕ** ਨੇ 'ਜੇ ਚੱਲਣਾ ਹੈ ਸੱਚ ਦੇ ਰਾਹ 'ਤੇ, ਕਦੇ ਸਰਹੰਦ ਆਵੇਗੀ ਕਦੇ ਚਮਕੌਰ ਆਵੇਗਾ' ਕਾਵਿ-ਟੂਕ ਦੇ ਹਵਾਲੇ ਨਾਲ ਕਿਹਾ ਕਿ ਆਪਣੇ ਬਚਨ ਤੇ ਕਰਮ ਦੀ ਸ਼ਕਤੀ ਨਾਲ ਜਿਹਨਾਂ ਮਹਾਂ-ਪੁਰਖਾਂ ਨੇ ਸਮੇਂ ਤੇ ਸਮਾਜ ਨੂੰ ਬਦਲਿਆ, ਉਹਨਾਂ ਨੂੰ ਅਸੀਂ 'ਯੁੱਗ ਪੁਰਸ਼' ਆਖਦੇ ਹਾਂ। ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਗੁਰਤਾ ਕਾਲ ਦੇ ਅੱਧੀ ਸਦੀ ਤੋਂ ਵੱਧ ਸਮੇਂ ਵਿੱਚ ਆਪਣੀ ਵਿਸ਼ਾਲ ਦ੍ਰਿਸ਼ਟੀ ਤੇ ਕਾਰਜਾਂ ਸਦਕਾ ਗੁਰੂ ਨਾਨਕ ਦੀ ਫਿਲਾਸਫ਼ੀ, ਖਾਲਸੇ ਦੀ ਸਹੀ ਪਹਿਚਾਣ ਤੇ ਨਾਮਧਾਰੀਆਂ ਦੇ ਚਰਿੱਤਰ ਤੇ ਸਾਂਝੀਵਾਲਤਾ ਦੇ ਸੰਕਲਪ ਨੂੰ ਉਭਾਰਿਆ, ਨਿਖਾਰਿਆ। ਸਤਿਗੁਰੂ ਜਗਜੀਤ ਸਿੰਘ ਜੀ ਮਹਾਨ ਤਪੱਸਵੀ, ਅਣਥੱਕ ਯਾਤਰੀ, ਅਮਨ ਅਤੇ ਸਾਂਝੀਵਾਲਤਾ ਦੇ ਮਸੀਹਾ, ਨਾਮ-ਬਾਣੀ ਅਤੇ ਸੰਗੀਤ ਨਾਲ ਇੱਕ-ਮਿੱਕ ਹੋਏ, ਪਰ ਉਪਕਾਰੀ, ਮਹਾਨ ਦਾਨੀ ਅਤੇ ਸਮੁੱਚੀ ਮਾਨਵਤਾ ਦੇ ਰਾਹਿਨੁਮਾ ਸਨ।

**ਜਸਵੰਤ ਸਿੰਘ ਜ਼ਫ਼ਰ** ਨੇ ਆਪਣੀਆਂ ਨਿੱਜੀ ਯਾਦਾਂ ਸਾਂਝੀਆਂ ਕਰਦੇ ਸਤਿਗੁਰੂ ਜੀ ਤੇ ਨਾਮਧਾਰੀ ਸਿੱਖਾਂ ਦੇ Clean & Green Ludhiana Mission ਵਿੱਚ ਪਾਏ ਯੋਗਦਾਨ ਦਾ ਜ਼ਿਕਰ ਕੀਤਾ। ਆਪ ਨੇ ਦੱਸਿਆ ਕਿ ਇਕ ਵੇਰ ਮਹਾਂਰਾਸ਼ਟਰ ਤੋਂ ਮਰਾਠੀ ਕਵੀ ਆਏ ਸਨ, ਭਗਤ ਨਾਮਦੇਵ ਜੀ ਦੇ ਜਨਮ ਦੇ ਸਬੰਧ ਵਿੱਚ, ਉਸ ਡੈਲੀਗੇਸ਼ਨ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਬੜਾ ਪਿਆਰ ਅਤੇ ਸਤਿਕਾਰ ਬਖਸ਼ਿਆ। ਉਹ ਕਵੀ ਅਤੇ ਲੇਖਕ ਨਾਮਧਾਰੀ ਇਤਿਹਾਸ, ਰਹਿਤ ਮਰਿਯਾਦਾ ਅਤੇ ਸਤਿਗੁਰੂ ਜੀ ਦੇ ਨਿੱਘੇ-ਮਿਲਾਪੜੇ ਵਿਅਕਤੀਤਵ ਤੋਂ ਏਨੇ ਪ੍ਰਭਾਵਿਤ ਹੋਏ ਕਿ ਵਾਪਸ ਮਹਾਂਰਾਸ਼ਟਰ ਜਾ ਕੇ ਉਨ੍ਹਾਂ ਨੇ ਆਪਣੀਆਂ ਲਿਖਤਾਂ ਅਤੇ ਅਖਬਾਰਾਂ ਵਿੱਚ ਨਾਮਧਾਰੀਆਂ ਬਾਰੇ ਲਿਖਿਆ।

ਜ਼ਫਰ ਜੀ ਨੇ ਦੱਸਿਆ ਕਿ ਮੇਰੀ ਜੋ ਨਜ਼ਮ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਨੇੜਤਾ ਦਾ ਮਾਧਿਅਮ ਬਣੀ ਸੀ ਉਹ ਮੈਂ ਪੇਸ਼ ਕਰਾਂਗਾ। ਇਹ ਸਭ ਕੁਝ ਗੁਰੂ ਨਾਲ, ਰੱਬ ਨਾਲ ਇੱਕ ਮਿੱਕ ਹੋ ਕੇ ਹੀ ਸੰਭਵ ਹੋ ਸਕਦਾ ਹੈ। ਗੁਰਮਤਿ ਫਲਸਫੇ ਨੂੰ ਜ਼ਫ਼ਰ ਜੀ ਨੇ ਆਪਣੀ ਇਕ ਨਜ਼ਮ ਰਾਹੀਂ ਪੇਸ਼ ਕੀਤਾ-

ਗੁਰੂ ਨੇ ਜਨੇਊ ਦੇ
ਵੱਖਰੇ ਅਰਥ ਕੀਤੇ,
ਭਾਈ ਘਨ੍ਹਈਆ
ਗੁਰੂ ਦਾ ਉਪਦੇਸ਼ ਕਮਾਉਂਦਾ
ਉਸ ਆਪਣੀ ਕਿਰਪਾਨ ਦੇ
ਵੱਖਰੇ ਅਰਥ ਜਾਣੇ
ਗੁਰੂ ਨੇ ਘਨ੍ਹਈਏ ਨੂੰ
ਕਿਰਪਾਨ ਸਜਾਉਂਦਿਆਂ
ਮੁਸਕਰਾਉਂਦਿਆਂ ਲਾਡ ਨਾਲ ਪੁਛਿਆ।

ਕੀ ਕਰੇਂਗਾ,
ਇਸ ਕਿਰਪਾਨ ਨਾਲ।
ਤਾਂ ਭੋਲੇ ਭਾਅ ਬੋਲਿਆ
ਭਾਈ ਘਨ੍ਹਈਆ-
ਜਦੋਂ ਕੋਈ ਹਤਿਆਰਾ
ਮੇਰੀ ਜਾਨ ਲੈਣ ਆਏਗਾ
ਤਾਂ ਮੈਂ ਕਹਾਂਗਾ
ਪਿਆਰੇ
ਕਿਉਂ ਖੇਚਲ ਦੇਂਦਾ ਹੈਂ
ਆਪਣੀ ਦੁਸ਼ਮਣੀ ਦੀ
ਤਲਵਾਰ ਨੂੰ।
'ਲੈ ਫੜ
ਮੇਰੇ ਗੁਰੂ ਦੀ ਬਖਸ਼ੀ
ਪਿਆਰ ਨਿਸ਼ਾਨੀ
ਮੇਰੀ ਜਾਨ
ਇਸਦੀ ਧਾਰ ਚੋਂ ਜਾਵੇ,
ਮੇਰੀ ਮੌਤ ਦਾ ਰਸਤਾ
ਗੁਰੂ ਦੇ ਪਿਆਰ ਚੋਂ ਜਾਵੇ।

ਇਹ ਨਜ਼ਮ ਸੁਣ ਕੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਮੈਨੂੰ ਮੇਹਰ ਨਦਰ ਅਤੇ ਸਦਾ ਬਹਾਰ ਮੁਸਕਾਨ ਨਾਲ ਨਿਵਾਜਿਆ। ਸਤਿਗੁਰੂ ਜਗਜੀਤ ਸਿੰਘ ਜੀ ਦੀ ਨੇੜਤਾ ਹੀ ਕਾਰਣ ਬਣੀ ਕਿ ਜਦੋਂ ਅਸੀਂ ਬੁੱਢੇ ਦਰਿਆ ਦੀ ਸਫਾਈ ਦੀ ਮੁਹਿੰਮ ਸ਼ੁਰੂ ਕੀਤੀ ਤਾਂ ਸਤਿਗੁਰੂ ਉਦੇ ਸਿੰਘ ਜੀ ਦੇ ਚਰਨਾਂ 'ਚ ਹਾਜ਼ਰ ਹੋਏ। ਆਪ ਸਾਡੀ ਅਗਵਾਈ ਕਰ ਰਹੇ ਹਨ ਕਿਉਂਕਿ ਇਸ ਬੁੱਢੇ ਦਰਿਆ ਨੂੰ ਸਤਿਗੁਰੂ ਰਾਮ ਸਿੰਘ ਜੀ ਤੋਂ ਪਹਿਲਾਂ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਅਤੇ ਸਤਿਗੁਰੂ ਨਾਨਕ ਦੇਵ ਜੀ ਦੀ ਚਰਨ-ਛੁਹ ਪ੍ਰਾਪਤ ਹੈ।

ਮੰਚ ਸੰਚਾਲਕ ਸੁਵਰਨ ਸਿੰਘ ਵਿਰਕ ਨੇ ਜ਼ਫ਼ਰ ਜੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਆਪ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਰਿਆਵਰਣ ਪ੍ਰੇਮ ਦਾ ਵੀ ਜ਼ਿਕਰ ਕੀਤਾ ਹੈ ਅਤੇ ਬਹੁਤ ਉੱਚ ਕੋਟੀ ਦੀਆਂ ਕਵਿਤਾਵਾਂ ਸੰਗਤ ਨਾਲ ਸਾਂਝੀਆਂ ਕੀਤੀਆਂ ਹਨ- ਅਜ ਦੇ ਇਸ ਸਮਾਗਮ ਵਿੱਚ ਡਾ. ਗੁਲਜ਼ਾਰ ਸਿੰਘ ਪੰਧੇਰ ਅਤੇ ਸ੍ਰ. ਬਲਕੌਰ ਸਿੰਘ ਹੁਰਾਂ ਨਾਲ ਲੁਧਿਆਣੇ ਤੋਂ ਬੀਬੀ ਸੁਰਿੰਦਰ ਦੀਪ, ਸ੍ਰ. ਰਜਿੰਦਰ ਸਿੰਘ, ਸ੍ਰ. ਸਰਬਜੀਤ ਸਿੰਘ ਵਿਰਦੀ, ਸ੍ਰ. ਅਮਰਜੀਤ ਸਿੰਘ ਸ਼ੇਰਪੁਰੀ, ਸ੍ਰੀ ਹਰਬੰਸ ਮਾਲਵਾ ਜੀ, ਤ੍ਰਿਲੋਚਨ ਝਾਂਡੇ ਜੀ, ਡਾ. ਬਲਵਿੰਦਰ ਗਲੈਕਸੀ ਆਦਿ ਉੱਘੇ ਪੰਜਾਬੀ ਸਾਹਿਤਕਾਰ ਵੀ ਪਧਾਰੇ ਹਨ ਅਸੀਂ ਸਭ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ।

ਉਪਰੰਤ ਮੰਚ ਸੰਚਾਲਕ ਨੇ ਅਗਲੇ ਵਕਤਾ ਬਾਰੇ ਕਿਹਾ: ਮੇਰੇ ਪਰਮ ਮਿੱਤਰ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਬਹੁਤ ਵਾਰ ਪਿਆਰ ਅਤੇ ਅਸ਼ੀਰਵਾਦ ਪ੍ਰਾਪਤ ਕਰਨ ਵਾਲੇ, ਆਪ ਦੇ ਸਨੇਹ ਪਾਸ਼ ਵਿੱਚ ਬੱਝੇ ਹੋਏ ਪੰਜਾਬੀ ਭਾਸ਼ਾ, ਸਾਹਿਤ, ਸਮੀਖਿਆ ਦੇ ਵੱਡੇ ਹਸਤਾਖਰ ਅਤੇ ਭਾਰਤ ਦੇ 'ਪ੍ਰਗਤੀਸ਼ੀਲ ਲੇਖਕ ਸੰਘ' ਜਿਹੜਾ 1936 ਈ. ਵਿੱਚ ਮੁਨਸ਼ੀ ਪ੍ਰੇਮ ਚੰਦ ਜੀ ਦੀ ਸਦਾਰਤ 'ਚ ਕਾਇਮ ਹੋਇਆ ਸੀ, ਬਰਤਾਨਵੀ ਸਾਮਰਾਜ ਵਿਰੁੱਧ ਸੰਘਰਸ਼ ਕਰਦਿਆਂ ਉਸ ਲੇਖਕ ਸੰਘ ਦੇ ਅੱਜ ਦੇ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ ਸੰਗਤਾਂ ਦੇ ਰੂਬਰੂ ਹੋਣਗੇ।

**ਡਾ. ਸੁਖਦੇਵ ਸਿੰਘ ਸਿਰਸਾ** ਨੇ ਦੱਸਿਆ ਕਿ **ਕਦੇ ਮੈਂ ਵੀ ਬੜਾ ਤੱਤਾ ਹੁੰਦਾ ਸਾਂ ਪਰੰਤੂ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੰਗਤ ਵਿੱਚ ਆਉਣ ਨਾਲ ਮੇਰੇ ਵਿੱਚ ਵੀ ਕਾਫ਼ੀ ਤਬਦੀਲੀ ਆ ਗਈ ਹੈ। ਮੁਸਕਰਾਹਟ ਨਾਲ ਕਸ਼ੀਦਿਆ ਗਿਆਨ, ਕਿਤਾਬੀ ਗਿਆਨ ਨਾਲੋਂ ਬੜਾ ਵੱਡਾ ਹੁੰਦਾ ਹੈ। ਸਤਿਗੁਰੂ ਜਗਜੀਤ ਸਿੰਘ ਜੀ ਨੇ ਸਿੱਖ ਸਮਾਜ ਨੂੰ ਸੁਰ, ਸੰਗੀਤ ਤੇ ਸ਼ਬਦ ਦੇ ਲੜ ਲਾਇਆ ਹੈ ਤੇ ਸੰਗਤ ਦੇ ਅਰਥ ਸਮਝਾਏ ਹਨ। ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸੰਗੀਤ ਦੇ ਖੇਤਰ ਵਿੱਚ ਬੜਾ ਨਾਮਣਾ ਪ੍ਰਾਪਤ ਹੋਇਆ ਹੈ। ਆਪ ਸ਼ਾਸਤ੍ਰੀ ਸੰਗੀਤ ਤੇ ਗੁਰਮਤਿ ਸੰਗੀਤ ਦੇ ਵੱਡੇ ਮਾਹਿਰ ਸਨ। ਦੂਸਰਿਆਂ ਦੀ ਗੱਲ ਬੜੇ ਧਿਆਨ ਨਾਲ ਸੁਣਦੇ ਸਨ। ਆਪ ਜੀ ਨੇ ਸਾਨੂੰ ਤਨ ਮਨ ਦੀ ਸਫ਼ਾਈ ਤੇ ਸ਼ੁੱਧਤਾ ਦਾ ਮਹੱਤਵ ਸਮਝਾਇਆ ਤੇ ਕਾਇਨਾਤ ਨੂੰ ਵੀ ਸਵੱਛ ਰੱਖਣ ਦਾ ਪਾਠ ਪੜ੍ਹਾਇਆ।** ਨਾਮਧਾਰੀ ਦੂਜੇ ਧਰਮਾਂ ਤੇ ਅਕੀਦਿਆਂ ਦਾ ਵੀ ਬੜਾ ਸਨਮਾਨ ਕਰਦੇ ਹਨ। ਅੱਜ ਭਾਰਤ ਨੂੰ, ਵਿਸ਼ੇਸ਼ ਕਰਕੇ ਪੰਜਾਬ ਨੂੰ ਬਾਬੇ ਫਰੀਦ ਦੇ, ਗੁਰੂ ਨਾਨਕ ਦੇ ਧੀਰਜ ਅਤੇ ਸਾਂਝੀਵਾਲਤਾ ਦੇ ਮਾਰਗ ਤੇ ਚਲਣ ਦੀ ਲੋੜ ਹੈ। ਸਤਿਗੁਰੂ ਜਗਜੀਤ ਸਿੰਘ ਜੀ ਨੇ ਉਮਰ ਭਰ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਦਾ ਪ੍ਰਚਾਰ ਕੀਤਾ।

ਡਾ. ਸੁਖਦੇਵ ਸਿੰਘ ਸਿਰਸਾ ਜੀ ਦੇ ਬੜੇ ਭਾਵਪੂਰਤ ਵਖਿਆਨ ਉਪਰੰਤ ਸ੍ਰ. ਗੁਰਭੇਜ ਸਿੰਘ ਗੁਰਾਇਆ ਨੇ ਸ੍ਰੀ ਅਲੋਕ ਕੁਮਾਰ ਜੀ ਨੂੰ ਪੇਸ਼ ਕਰਦਿਆਂ ਕਿਹਾ-

ਵਿਸ਼ਵ ਹਿੰਦੂ ਪ੍ਰੀਸ਼ਦ ਦੇ ਮੌਜੂਦਾ ਪ੍ਰਧਾਨ ਸ੍ਰੀ ਅਲੋਕ ਕੁਮਾਰ ਜੀ ਪੇਸ਼ੇ ਵਜੋਂ ਸੁਪਰੀਮ ਕੋਰਟ ਦੇ ਵਕੀਲ ਅਤੇ ਦਿੱਲੀ

ਵਿਧਾਨ ਸਭਾ ਦੇ ਸਾਬਕਾ ਸਪੀਕਰ ਵੀ ਹਨ। ਉਨ੍ਹਾਂ ਦੇ ਨਾਲ ਆਏ ਸ੍ਰੀ ਵਿਜੇ ਜੀ ਅਤੇ ਕਿਸਾਨ ਸੈੱਲ ਦੇ ਸ੍ਰੀ ਸੁਖਮਿੰਦਰ ਪਾਲ ਸਿੰਘ ਗਰੇਵਾਲ ਜੀ ਨੂੰ ਵੀ ਜੀਉ ਆਇਆਂ ਆਖਦੇ ਹਾਂ। ਹੁਣ ਸ੍ਰੀ ਅਲੋਕ ਕੁਮਾਰ ਜੀ ਆਪਣੇ ਵਿਚਾਰ ਪੇਸ਼ ਕਰਨਗੇ।

**ਸ੍ਰੀ ਅਲੋਕ ਕੁਮਾਰ (ਪ੍ਰਧਾਨ ਵਿਸ਼ਵ ਹਿੰਦੂ ਪ੍ਰੀਸ਼ਦ)** ਪਰਮ ਸਤਿਕਾਰ ਯੋਗ, ਸੱਚੇ ਪਾਤਸ਼ਾਹ ਸਤਿਗੁਰੂ ਉਦੇ ਸਿੰਘ ਜੀ, ਮੰਚ ਪਰ ਵਿਰਾਜਮਾਨ ਵਿਦਵਾਨ ਮਹਾਂਪੁਰਸ਼, ਬਜ਼ੁਰਗੋ, ਭਾਈਓ ਔਰ ਬਹਿਨੋਂ, **ਮੈਂ ਆਜ ਅਪਨੇ ਆਪਕੋ ਬਹੁਤ ਵਡਭਾਗੀ ਮਾਨ ਰਹਾਂ ਹੂੰ ਕਿ ਮੁਝੇ ਸਤਿਗੁਰੂ ਜਗਜੀਤ ਸਿੰਘ ਜੀ ਕੀ ਪ੍ਰਕਾਸ਼ ਸ਼ਤਾਬਦੀ ਕੇ ਸੁਅਵਸਰ ਪਰ, ਉਨਕੋ ਔਰ ਉਨਕੀ ਪਰੰਪਰਾ ਕੋ ਨਤਮਸਤਕ ਹੋਨੇ ਕਾ ਸੁਅਵਸਰ ਮਿਲਾ ਹੈ। ਅਭੀ ਜ਼ਿਕਰ ਹੂਆ ਥਾ 1964 ਈ. ਮੇਂ ਵਿਸ਼ਵ ਹਿੰਦੂ ਪ੍ਰੀਸ਼ਦ ਕੀ ਸਥਾਪਨਾ ਕਾ। ਉਸ ਸਮਯ ਦੇਸ਼ ਕੇ ਆਠ ਬੜੇ ਸੰਤ ਮੁੰਬਈ ਮੇਂ ਸੁਆਮੀ ਚਿਨਮਯ ਨੰਦ ਜੀ ਕੇ ਸੰਦੀਪਨੀ ਆਸ਼ਰਮ ਮੇਂ ਇਕੱਤਰ ਹੂਏ, ਉਨਹੋਂ ਨੇ ਇਸ ਦੇਸ਼ ਕੀ ਅਧਿਆਤਮ ਪਰੰਪਰਾ ਕੋ ਸੁਰਕਸ਼ਿਤ ਰਖਨੇ ਕੇ ਲੀਏ 'ਵਿਸ਼ਵ ਹਿੰਦੂ ਪ੍ਰੀਸ਼ਦ' ਕੀ ਸਥਾਪਨਾ ਕੀ। ਵਿਸ਼ਵ ਹਿੰਦੂ ਪ੍ਰੀਸ਼ਦ ਕੇ ਜਨਮ ਦਾਤਾ ਪਿਤਾ ਸਮਾਨ ਜੋ ਆਠ ਮਹਾਂ-ਪੁਰਸ਼ ਹੈਂ ਉਨਮੇਂ ਏਕ ਸਤਿਗੁਰੂ ਜਗਜੀਤ ਸਿੰਘ ਜੀ ਹੈਂ। ਇਸ ਲੀਏ ਉਨਕੀ ਜਨਮ ਸ਼ਤਾਬਦੀ ਕੇ ਸਮਾਰੋਹ ਮੇਂ ਹਮਨੇ ਸ਼ਾਮਲ ਹੋਨਾ, ਉਨਕੇ ਉਪਦੇਸ਼ੋਂ ਕਾ ਧਯਾਨ ਕਰਨਾ, ਯੇ ਹਮਾਰਾ ਪ੍ਰਥਮ ਕਰਤਵਯ ਹੈ। ਮੈਂ ਇਸ ਦਿਵਯ ਅਸਥਾਨ ਪਰ ਪਹਿਲੇ ਭੀ ਦੋ ਬਾਰ ਆ ਚੁਕਾ ਹੂੰ। ਅਭੀ ਭੀ ਜੋ ਸਤਿਗੁਰੂ ਜਗਜੀਤ ਸਿੰਘ ਜੀ ਕੀ ਉਪਮਾ ਹੋ ਰਹੀ ਥੀ, ਜੀਵਨ ਕਾ ਕੋਈ ਪਕਸ਼ ਐਸਾ ਨਹੀਂ, ਜਿਸਕੋ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾ ਸੀਂਚਾ ਹੋ। ਹਮ ਭੀ ਵਿਸ਼ਵ ਹਿੰਦੂ ਪ੍ਰੀਸ਼ਦ ਕੀ ਔਰ ਸੇ ਸਤਿਗੁਰੂ ਜਗਜੀਤ ਸਿੰਘ ਜੀ ਕੀ ਪ੍ਰਕਾਸ਼ ਸ਼ਤਾਬਦੀ ਮਨਾਏਂਗੇ।** ਸਭ ਕੀ ਬਾਤ ਸੁਨਣਾ, ਸਮਝਨਾ ਔਰ ਮੁਸਕੁਰਾਨਾ ਸਤਿਗੁਰੂ ਜਗਜੀਤ ਸਿੰਘ ਕਾ ਸਜਹ-ਸਵਭਾਵ ਥਾ, ਉਨਕੇ ਦਰਬਾਰ ਮੇਂ ਕੁਛ ਭੀ ਵਰਜਿਤ ਨਹੀ ਥਾ। ਵੇਹ ਆਤਮਾ ਕੋ ਛੂਹਤੇ ਥੇ, ਜਗਾਤੇ ਥੇ। ਸਭ ਕੋ ਸਨਮਾਨ ਦੇਨਾ, ਏਕ ਲੜੀ ਮੇਂ ਪਿਰੋਨਾ ਉਨਕਾ ਸਹਿਜ ਵਿਵਹਾਰ ਥਾ। ਯੇਹ ਉਤਸਵ ਪੂਰੇ ਦੇਸ਼ ਔਰ ਮਾਨਵਤਾ ਕਾ ਉਤਸਵ ਹੈ ਕਿਉਂਕਿ ਮਹਾਨ ਪੁਰਸ਼ ਸਾਰੇ ਵਿਸ਼ਵ ਕੇ ਹੋਤੇ ਹੈਂ।

ਇਸ ਪ੍ਰੋਗਰਾਮ ਦੇ ਸਮੇਂ ਮੰਚ ਸੰਚਾਲਨ ਦੀ ਸੇਵਾ ਸ੍ਰ. ਸੁਵਰਨ ਸਿੰਘ ਵਿਰਕ ਜੀ ਨੇ ਬਾਖੂਬੀ ਨਿਭਾਈ।

ਸ੍ਰੀ ਸਤਿਗੁਰੂ ਜੀ ਨੇ ਆਏ ਵਿਦਵਾਨ ਵਕਤਿਆਂ ਨੂੰ ਸਨਮਾਨਿਤ ਕਰਕੇ ਨਿਵਾਜਿਆ।

**ਸੁਖਨ-ਏ-ਬੇਅੰਤ:** ਵਿਰਕ ਜੀ ਨੇ ਨਵ-ਪ੍ਰਕਾਸ਼ਿਤ ਪੁਸਤਕ ਬਾਰੇ ਜਾਣਕਾਰੀ ਦੇਂਦਿਆਂ ਕਿਹਾ ਕਿ ਕਵੀ ਪ੍ਰੀਤਮ ਸਿੰਘ ਰਚਿਤ 'ਬੀਤੇ ਦੀਆਂ ਪੈੜਾਂ' ਦੇ 17 ਭਾਗਾਂ ਦੇ ਸਾਗਰ ਚੋਂ ਕੁਝ ਸੁੱਚੇ ਮੋਤੀਆਂ ਵਰਗੀਆਂ ਪ੍ਰੇਰਕ ਘਟਨਾਵਾਂ, ਕੋਈ ਨੀਤੀ ਬਚਨ ਆਦਿ ਸੰਗ੍ਰਹਿ ਕਰਕੇ ਨੌਜੁਆਨ ਭਜਨ ਸਿੰਘ, ਗੁਰਲਾਲ ਸਿੰਘ ਅਤੇ ਜਸਵੰਤ ਸਿੰਘ ਮਸਤ ਨੇ ਪੁਸਤਕ ਰੂਪ ਵਿੱਚ ਸੰਪਾਦਿਤ ਕੀਤਾ ਹੈ। ਇਹ ਛੋਟੀ ਪਰ ਵਡਮੁੱਲੀ ਪੁਸਤਕ ਹੈ। ਜਸਵੰਤ ਸਿੰਘ 'ਮਸਤ' ਗੁਰਲਾਲ ਸਿੰਘ ਅਤੇ ਭਜਨ ਸਿੰਘ ਦੁਆਰਾ 'ਸੁਖਨ ਏ ਬੇਅੰਤ' ਪੁਸਤਕ ਸਤਿਗੁਰੂ ਜੀ ਨੂੰ ਭੇਟ ਕੀਤੀ। ਸੁਰਿੰਦਰ ਕੌਰ ਦੀਪ ਨੇ ਪ੍ਰਿੰਸੀਪਲ ਪ੍ਰੇਮ ਸਿੰਘ ਬਜਾਜ ਬਾਰੇ ਲਿਖੀ ਪੁਸਤਕ, ਡਾ. ਗੁਲਜ਼ਾਰ ਸਿੰਘ ਪੰਧੇਰ ਹੁਰਾਂ ਵੱਲੋਂ ਜਾਰੀ ਛਾਪਿਆ ਜਾ ਰਿਹਾ ਤ੍ਰੈ-ਮਾਸਿਕ ਰਸਾਲਾ 'ਨਜ਼ਰੀਆ' ਦਾ ਨਵਾਂ ਅੰਕ ਅਤੇ ਉਘੇ ਸ਼ਾਇਰ ਹਰਬੰਸ ਮਾਲਵਾ ਨੇ ਆਪਣੀ ਪੁਸਤਕ 'ਸੁਪਨੇ ਉਲੀਕਦੀ ਹਵਾ' ਸਤਿਗੁਰੂ ਜੀ ਨੂੰ ਭੇਟ ਕੀਤੀਆਂ। ਅੰਤ ਵਿੱਚ ਸ੍ਰੀ ਸਤਿਗੁਰੂ ਜੀ ਨੇ ਸਦ-ਉਪਦੇਸ਼ ਦੇਣ ਦੀ ਕਿਰਪਾ ਕੀਤੀ

**ਗੁਰ-ਉਪਦੇਸ਼**- ਬਾਹਰੋਂ ਆਏ ਵਿਦਵਾਨ, **ਵਿਸ਼ਵ ਹਿੰਦੂ ਪ੍ਰੀਸ਼ਦ ਦੇ ਮੁੱਖ ਸੇਵਾਦਾਰ ਸ੍ਰੀ ਅਲੋਕ ਕੁਮਾਰ ਜੀ, ਗਰੇਵਾਲ ਜੀ ਅਤੇ ਨਾਲ ਆਏ ਹੋਰ ਸੱਜਣ ਸਭ ਦਾ ਮੈਂ ਧੰਨਵਾਦੀ ਹਾਂ ਜੋ ਤੁਸੀਂ ਸਾਡੇ ਇਸ ਪ੍ਰਕਾਸ਼ ਸ਼ਤਾਬਦੀ ਸਮਾਰੋਹ ਵਿੱਚ ਸ਼ਾਮਲ ਹੋਏ ਹੋਏ ਹੋ- ਸਤਿਗੁਰੂ ਜਗਜੀਤ ਸਿੰਘ ਉਹ ਮਹਾਨ ਹਸਤੀ ਸਨ ਜਿਨਾਂ ਗੁਰਬਾਣੀ ਅਨੁਸਾਰ ਜੀਵਨ ਜੀਵਿਆ ਅਤੇ ਗੁਰਬਾਣੀ ਅਨੁਸਾਰ ਚਲਣ ਲਈ ਸੰਗਤਾਂ ਨੂੰ ਪ੍ਰੇਰਿਆਂ, ਜਿਨਾਂ ਨੇ ਸਭ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ, ਜਿਨਾਂ ਵਾਸਤੇ ਬੇਗਾਨਾ ਕੋਈ ਹੈ ਹੀ ਨਹੀਂ ਸੀ। ਸੱਚੇ ਪਾਤਸ਼ਾਹ ਅਕਸਰ ਬਚਨ ਕਰਿਆ ਕਰਦੇ ਸਨ-**

**ਜਬ ਧਾਰੈ ਕੋਊ ਬੈਰੀ ਮੀਤ॥**
**ਤਬ ਲਗ ਨਿਹਚਲ ਨਾਹੀ ਚੀਤਿ॥**

**ਜਦੋਂ ਸਾਨੂੰ ਇਹ ਪਤਾ ਲਗ ਜਾਂਦਾ ਹੈ ਜਾਂ ਮਹਿਸੂਸ ਹੋ ਜਾਵੇ ਕਿ ਆਤਮਾ ਹੀ ਪਰਮਾਤਮਾ ਹੈ ਤਾਂ ਉਦੋਂ ਅਸੀਂ ਹਿੰਦੂ, ਮੁਸਲਮਾਨ, ਈਸਾਈ ਆਦਿ ਦੀਆਂ**

**ਵਲਗਨਾ ਤੋਂ ਬਹੁਤ ਉੱਚੇ ਹੋ ਜਾਂਦੇ ਹਾਂ। ਸਾਨੂੰ ਨਿਰਮਾਣ ਹੋ ਕੇ, ਕ੍ਰੋਧ ਰਹਿਤ ਤੇ ਹੰਕਾਰ ਤਿਆਗ ਕੇ ਵਿਚਰਨਾ ਚਾਹੀਦਾ ਹੈ। ਧੰਨਵਾਦ ਕਰੋ ਕਿ ਸਤਿਗੁਰਾਂ ਨੇ ਸਾਨੂੰ ਮਨੁੱਖਤਾ ਦੀ, ਹਰ ਪ੍ਰਾਣੀ-ਮਾਤਰ ਦੀ ਸੇਵਾ ਕਰਨ ਦਾ ਮੌਕਾ ਬਖ਼ਸ਼ਿਆ ਹੈ।**

**ਆਪ ਜੀ ਨੇ ਸ੍ਰੀ ਅਲੋਕ ਕੁਮਾਰ ਨੂੰ ਕਿਹਾ ਕਿ ਸਾਡਾ ਇਹ ਸੰਦੇਸ਼ ਸਰਕਾਰ ਤੱਕ ਪਹੁੰਚਾ ਦਿਓ- "ਅੱਜ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਦਾ ਮਸਲਾ ਬਹੁਤ ਜ਼ਿਆਦਾ ਉਲਝਦਾ ਜਾ ਰਿਹਾ ਹੈ। ਇਹਨੂੰ ਆਪਾਂ ਜ਼ਿਆਦਾ ਉਲਝਣ ਨਾ ਦਈਏ। ਮੈਂ ਸਮਝਦਾ ਹਾਂ ਕਿ ਕਿਸਾਨਾਂ ਦੀ ਇਹ Genuine problem ਹੈ। ਉਹਨਾਂ ਦਾ ਮਸਲਾ ਇਹ ਹੈ ਕਿ ਅੱਜ ਯੂ.ਪੀ., ਬਿਹਾਰ ਜਾਂ ਦੂਸਰੇ ਪ੍ਰਾਂਤਾਂ ਵਿੱਚ ਜੇ ਧਾਨ ਹਜ਼ਾਰ ਗਿਆਰਾਂ ਸੌ, ਬਾਰਾਂ ਸੌ ਨੂੰ ਕੁਵੰਟਲ ਵਿਕ ਰਿਹੈ, ਸਾਨੂੰ ਪੰਜਾਬ ਵਿੱਚ ਅਠਾਰਾਂ ਸੌ ਜਾਂ ਉੱਨੀ ਸੌ ਮਿਲ ਰਿਹੈ। ਓਸ ਕਰਕੇ ਪੰਜਾਬ ਦਾ ਕਿਸਾਨ ਖੁਸ਼ਹਾਲ ਹੈ। ਜੇ ਸਾਡੇ ਵੀ ਉਹ ਕੁਝ ਹੋ ਗਿਆ, ਸਾਡੇ ਵੀ ਮੰਡੀਆਂ ਖ਼ਤਮ ਹੋ ਗਈਆਂ, ਸਰਕਾਰੀ ਖਰੀਦ ਬੰਦ ਹੋ ਗਈ ਤਾਂ ਸਾਡੇ ਵੀ ਪੰਜਾਬ ਤੇ ਹਰਿਆਣਾ ਦੀ ਬਿਹਾਰ ਜਾਂ ਯੂ.ਪੀ. ਵਾਲੀ ਹਾਲਤ ਨਾ ਹੋ ਜਾਵੇ, ਜਿਸ ਕਾਰਨ ਸਾਨੂੰ ਵੀ ਕੰਮ ਕਰਨ ਲਈ ਕਿਤੇ ਬਾਹਰ ਜਾਣਾ ਪਵੇ। ਪਹਿਲੋਂ ਹੀ ਕਿਸਾਨ ਦੀ ਹਾਲਤ ਬਹੁਤੀ ਚੰਗੀ ਨਹੀਂ। ਜੇ ਮੈਂ ਇਹ ਬੇਨਤੀ ਕਰਾਂ ਕਿ ਬੜੀ ਦੁਨੀਆਂ 'ਚ ਫਿਰ ਕੇ ਦੇਖਿਆ ਹੈ- ਕਿਸਾਨ ਨੂੰ ਸਾਰੀ ਦੁਨੀਆਂ ਵਿੱਚ ਹੀ ਇਕ ਸੁਰੱਖਿਆ, ਇਕ ਪਰੋਟੈਕਸ਼ਨ ਦਿੱਤੀ ਜਾਂਦੀ ਹੈ। ਬੇਸ਼ੱਕ ਤੁਸੀਂ ਅਮਰੀਕਾ ਦਾ ਕਿਸਾਨ ਲੈ ਲਵੋ, ਯੂਰੋਪ ਦਾ ਕਿਸਾਨ ਲੈ ਲਵੋ ਉਹਨਾਂ ਨੂੰ ਆਪਣੇ ਆਪ 'ਤੇ ਨਹੀਂ ਛੱਡਿਆ ਜਾਂਦਾ। ਉਹਨਾਂ ਨੂੰ ਸਰਕਾਰਾਂ ਪਰੋਟੈਕਟ ਕਰਦੀਆਂ ਨੇ। ਅਕਸਰ ਨੂੰ ਜੋ ਅਸੀਂ ਖਾਣਾ ਹੈ, ਕਿਸਾਨਾਂ ਨੇ ਹੀ ਪੈਦਾ ਕਰਨੈ। ਸੋ ਅਸੀਂ ਕਿਸਾਨਾਂ ਦੀ ਇਹ ਗੱਲ ਤੁਹਾਡੇ ਰਾਹੀਂ ਸਰਕਾਰ ਕੋਲ ਪਹੁੰਚਾਉਣਾ ਚਾਹੁੰਦੇ ਹਾਂ। ਪੰਜਾਬੀ ਹੁੰਦਿਆਂ ਹੋਇਆਂ, ਕਿਸਾਨ ਹੁੰਦਿਆਂ ਹੋਇਆਂ, ਆਪਾਂ ਜਿਸ ਤਰ੍ਹਾਂ ਵੀ ਇਹ ਮਸਲਾ ਬੈਠ ਕੇ ਹੱਲ ਕਰੀਏ, ਆਪਾਂ ਇਸ ਮਸਲੇ ਨੂੰ ਹੋਰ ਗੁੰਝਲਦਾਰ ਨਾ ਬਣਾਈਏ।"**

ਉਪਰੰਤ 2:15 ਤੋਂ 3:15 ਦੌਰਾਨ ਨਾਮ-ਸਿਮਰਨ ਕੀਤਾ ਗਿਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਰਿਕਾਰਡ ਉਪਦੇਸ਼ ਸੰਗਤਾਂ ਨੇ ਸਰਵਣ ਕੀਤਾ। ਪਿਛਲੇ ਪਹਿਰ ਦਾ ਕੀਰਤਨ ਰਾਗੀ ਬਲਵੰਤ ਸਿੰਘ-ਸਰਮੁਖ ਸਿੰਘ-ਹਰਵਿੰਦਰ ਸਿੰਘ ਦਿਲਰੁਬਾ, ਹਰਪ੍ਰੀਤ ਸਿੰਘ ਸੋਨੂੰ ਤੇ ਗਿਆਨ ਸਿੰਘ ਤਬਲਾ, ਈਸ਼ਰ ਸਿੰਘ ਤਾਰ ਸ਼ਹਿਨਾਈ, ਹਰਨਾਮ ਸਿੰਘ, ਰਤਨ ਸਿੰਘ ਅਤੇ ਸੰਤਾ ਸਿੰਘ ਨੇ ਰਲ ਕੇ ਕੀਤਾ। ਰਾਗੀ ਜਥੇ ਨੇ ਮੰਗਲਾਚਰਨ ਉਪਰੰਤ ਰਾਗ ਤਿਲੰਗ, ਤਿੰਨ ਤਾਲ ਵਿੱਚ ਦੋ ਸ਼ਬਦ ਗਾਇਨ ਕੀਤੇ-

ਪਹਿਲਾ- ਹਰਿ ਕੀਆ ਕਥਾ ਕਹਾਣੀਆ ਗੁਰਿ ਮੀਤਿ ਸੁਣਾਈਆ॥

ਦੂਸਰਾ-ਮਿਹਰਵਾਨੁ ਸਾਹਿਬੁ ਮਿਹਰਵਾਨੁ॥ ਸਾਹਿਬੁ ਮੇਰਾ ਮਿਹਰਵਾਨੁ॥ ਜੀਅ ਸਗਲ ਕਉ ਦੇਇ ਦਾਨੁ॥

ਉਪਰੰਤ, ਰਾਗੀ ਜਥੇ ਨੇ ਰਾਗ ਤਿਲੰਗ, ਤਾਲ ਦਾਦਰਾ ਵਿੱਚ ਹਰਪਾਲ ਸਿੰਘ ਸੇਵਕ ਦਾ ਲਿਖਿਆ ਇਹ ਗੀਤ ਗਾਇਨ ਕੀਤਾ-

ਰੂਪ ਰੱਬ ਦਾ ਧਾਰ ਅਵਤਾਰ ਆਇਆ,
ਮੁਕਤਿ ਜੁਗਤਿ ਦਾ ਸੁਆਮੀ ਦਾਤਾਰ ਸਤਿਗੁਰ।
ਸ੍ਰੀ ਨਾਨਕ ਦਾ ਵਾਰਸ ਬੇਅੰਤ ਦਾਤਾ,
ਸਿੱਖੀ ਬਾਗ ਦਾ ਸਿਰਜਨਹਾਰ ਸਤਿਗੁਰ॥.....

**ਰਾਤ ਦੇ ਦੀਵਾਨ:** ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਸ੍ਰੀ ਭੈਣੀ ਸਾਹਿਬ ਦੇ ਵਿਦਿਆਰਥੀਆਂ ਦੁਆਰਾ ਪੇਸ਼ ਕੀਤੇ ਗਏ। ਸਭ ਤੋਂ ਪਹਿਲਾਂ ਸਰਨ ਸਿੰਘ ਤੇ ਰਛਪਾਲ ਸਿੰਘ (ਤਬਲਾ) ਨੇ ਰਾਗ ਬਿਹਾਗ ਵਿੱਚ ਇਕ ਬੰਦਿਸ਼- 'ਜਸੋਮਤੀ ਝੁਲਾਵੇ ਲਲਨਾ ਪਲਨਾ' ਗਾਇਨ ਕੀਤੀ। ਉਪਰੰਤ ਰਾਜਾ ਸਿੰਘ ਨੇ ਰਤਨ ਸਿੰਘ ਤਬਲਾਵਾਦਕ ਦੇ ਸੰਗ ਰਾਗ ਭੈਰਵੀ ਵਿੱਚ ਦਿਲਰੁਬਾ ਵਾਦਨ ਪੇਸ਼ ਕੀਤਾ। ਜਥੇਦਾਰ ਹਰਪਾਲ ਸਿੰਘ ਵੱਲੋਂ ਸਿੱਖੀਆਂ ਬੱਚੀਆਂ ਨੇ ਹੱਲੇ ਦਾ ਦੀਵਾਨ ਢੋਲਕੀ, ਛੈਣੇ ਅਤੇ ਹਰਮੋਨੀਅਨ ਸਹਿਤ ਲਗਾਇਆ। ਬੱਚੀ ਬੇਅੰਤ ਕੌਰ ਨੇ 'ਧੰਨੁ ਸੁ ਵੇਲਾ ਜਿਤੁ ਦਰਸਨ ਕਰਨਾ॥ ਹਉ ਬਲਿਹਾਰੀ ਸਤਿਗੁਰ ਚਰਨਾ॥' ਧਾਰਨਾ ਪੜ੍ਹ ਕੇ ਸਮੇਂ ਸਮੇਂ ਹੁੰਦੇ ਆਏ ਅਵਤਾਰਾਂ ਦੀਆਂ ਛੇ ਮੁੱਖ ਕਿਸਮਾਂ ਬਾਰੇ ਵਰਨਣ ਕੀਤਾ। ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਦਿੱਲੀ ਦੇ ਬੱਚੇ ਸ੍ਰੀ ਭੈਣੀ ਸਾਹਿਬ ਨਹੀਂ ਪਹੁੰਚ ਸਕੇ ਪਰ ਉਹਨਾਂ ਨੇ ਇਕ ਵੀਡੀਓ ਤਿਆਰ ਕਰਕੇ ਭੇਜੀ ਜਿਸ ਨੂੰ ਸਕਰੀਨ ਤੇ ਪਰਦਸ਼ਿਤ ਕੀਤਾ ਗਿਆ। ਇਸ ਵਿੱਚ ਇਕ ਸਕਿੱਟ, ਇਕ ਅੰਗਰੇਜ਼ੀ ਵਿੱਚ ਭਾਸ਼ਣ ਤੇ ਇੱਕ ਰਾਗ ਅਧਾਰਿਤ ਸ਼ਬਦ ਗਾਇਨ- 'ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ' ਸੀ। ਇਸ ਤੋਂ ਬਾਅਦ ਸ੍ਰੀ ਭੈਣੀ ਸਾਹਿਬ ਦੇ ਨੌਜਵਾਨ ਜਥੇਦਾਰ ਜਸਵੰਤ ਸਿੰਘ ਨੇ 'ਜਾ ਕੈ ਮਨਿ ਗੁਰਿ ਕੀ ਪਰਤੀਤ॥ ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥' ਧਾਰਨਾ ਗਾ

ਕੇ ਦੱਸਿਆ ਕਿ ਪੂਰਨ ਭਰੋਸਾ, ਪ੍ਰਤੀਤ ਤੇ ਸੱਚੀ ਭਾਵਨਾ ਸਹਿਤ ਹੀ ਗੁਰ ਦਰ ਪ੍ਰਵਾਨ ਹੋਇਆ ਅਤੇ ਪ੍ਰਭੂ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਉਪਰੰਤ, ਬਲਦੇਵ ਸਿੰਘ ਲੁਧਿਆਣਾ ਨੇ 'ਮੰਗਲੁ ਹੋਹਿ ਘਰਾ ਘਰੁ ਮੈ ਉਤਰਿਓ ਅਵਤਾਰਨ ਕੋ ਅਵਤਾਰੀ' ਧਾਰਨਾ ਗਾ ਕੇ ਸਤਿਗੁਰੂ ਜਗਜੀਤ ਸਿੰਘ ਜੀ ਵੱਲੋਂ ਇੰਗਲੈਂਡ ਵਿੱਚ ਬਾਰਿਸ਼ ਦੀ ਕਿਰਪਾ ਕਰਨ ਦਾ ਪ੍ਰਸੰਗ ਗਾਇਆ।

**14 ਮੱਘਰ, 28 ਨਵੰਬਰ ਸ਼ਨੀਵਾਰ**

ਅੱਜ ਅੰਮ੍ਰਿਤ ਵੇਲੇ, ਆਸਾ ਦੀ ਵਾਰ ਦਾ ਕੀਰਤਨ ਰਾਗੀ ਹਰਵਿੰਦਰ ਸਿੰਘ-ਸਰਮੁਖ ਸਿੰਘ-ਸਤਨਾਮ ਸਿੰਘ (ਦਿਲਰੁਬਾ), ਸ਼ਾਮ ਸਿੰਘ-ਹਰਨਾਮ ਸਿੰਘ (ਤਬਲਾ) ਦੇ ਜਥੇ ਨੇ ਕੀਤਾ।

ਵਾਰ ਦੇ ਭੋਗ ਉਪਰੰਤ **ਪੰਡਿਤ ਯਾਦਵਿੰਦਰ ਸਿੰਘ** ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਬੜਾ ਭਾਵਪੂਰਤ ਵਖਿਆਨ ਕੀਤਾ, ਜਿਸਦਾ ਸੰਖੇਪ ਸਾਰ ਹੈ-

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਸ਼ਤਾਬਦੀ ਸਮਾਰੋਹ ਬੜੇ ਉਤਸ਼ਾਹ ਤੇ ਉਲਾਸ ਨਾਲ ਮਨਾਇਆ ਜਾ ਰਿਹਾ ਹੈ। ਗੁਰਬਾਣੀ ਤੇ ਸ਼ਾਸਤਰਾਂ ਵਿੱਚ ਸਤਿਗੁਰੂ ਦੀ ਅਪਰੰਪਾਰ ਮਹਿਮਾ ਦਾ ਵਰਨਣ ਕੀਤਾ ਗਿਆ ਹੈ। 'ਗੁਰੂ ਗੀਤਾ' ਵਿੱਚ ਲਿਖਿਆ ਹੈ ਕਿ 'ਗੁਰੂ ਦੀ ਮੂਰਤੀ ਹੀ ਸੰਨਿਆਸ ਦਾ ਮੂਲ ਹੈ, ਆਪਣੀ ਸ਼ਰਧਾ ਤੇ ਸਮਰਪਣ ਦਾ ਮੂਲ ਗੁਰੂ ਦੇ ਚਰਨ ਹਨ, ਸਤਿਗੁਰੂ ਦਾ ਹੁਕਮ ਅਥਵਾ ਉਪਦੇਸ਼ ਹੀ ਮੰਤ੍ਰ ਦਾ ਮੂਲ ਹੈ ਤੇ ਮੁਕਤੀ ਦਾ ਮੂਲ ਗੁਰੂ ਦੀ ਕਿਰਪਾ ਹੈ।' ਅਸੀਂ ਨਿਰਸੰਕੋਚ ਇਹ ਗੱਲ ਕਹਿ ਸਕਦੇ ਹਾਂ ਕਿ 20ਵੀਂ ਸ਼ਤਾਬਦੀ ਦੇ ਉਤਰਾਰਧ ਤੇ 21 ਵੀਂ ਸ਼ਤਾਬਦੀ ਦੇ ਦੋ ਦਹਾਕਿਆਂ ਤੱਕ, ਵੈਸੇ ਤੇ ਸਤਿਗੁਰੂ ਜੀ ਦਾ ਕਾਰਜ ਖੇਤਰ ਪੂਰਾ ਵਿਸ਼ਵ ਹੀ ਰਿਹਾ ਪਰ ਭਾਰਤ ਵਿੱਚ ਹੋਰ ਕੋਈ ਐਸੀ ਮਹਾਨ-ਆਤਮਾ ਨਹੀਂ ਹੋਈ, ਜਿਸਨੇ ਏਨੇ ਲੋਕਾਂ ਦੇ ਜੀਵਨ ਨੂੰ ਸਪਰਸ਼ ਕੀਤਾ ਹੋਵੇ, ਏਨੇ ਲੋਕਾਂ ਦੇ ਜੀਵਨ ਨੂੰ ਪ੍ਰਭਾਵਿਤ ਤੇ ਪ੍ਰੇਰਿਤ ਕਰਕੇ ਬਦਲ ਦਿੱਤਾ ਹੋਵੇ। **ਸਤਿਗੁਰੂ ਜਗਜੀਤ ਸਿੰਘ ਜੀ ਬੱਚਿਆਂ ਲਈ ਸੰਸਕਾਰ, ਨੌਜਵਾਨਾਂ ਲਈ ਪ੍ਰੇਰਨਾ ਤੇ ਬਜ਼ੁਰਗਾਂ ਲਈ ਆਸ ਸਨ। ਉਹਨਾਂ ਨੇ ਇਕ ਸਿੱਖ ਦੇ ਰੂਪ ਵਿੱਚ ਵੀ ਆਪਣੇ ਪਿਤਾ ਗੁਰੂ ਨੂੰ 'ਗੁਰ ਪਰਮੇਸਰ ਏਕੋ ਜਾਣ' ਦੇ ਵਾਕ ਅਨੁਸਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਰ ਹੁਕਮ ਨੂੰ ਪ੍ਰੇਮ ਸਹਿਤ ਮੰਨ ਕੇ, ਆਮ ਸਾਧ ਸੰਗਤ ਵਾਂਗ ਪੰਥ ਦਾ ਹਰ ਕੰਮ ਸੇਵਾ ਸਮਝ ਕੇ ਕਰਦਿਆਂ ਹੋਇਆਂ, ਇਹ ਗੁਰਿਆਈ ਦੀ ਦਾਤ ਪ੍ਰਾਪਤ ਕੀਤੀ। ਸਤਿਗੁਰੂ ਜੀ ਪੂਰੇ ਵਿਸ਼ਵ ਨੂੰ ਆਪਣਾ ਪਰਿਵਾਰ ਮੰਨਦੇ ਹੋਏ ਹਮੇਸ਼ਾ ਵਿਸ਼ਵ-ਸ਼ਾਂਤੀ ਦੀ ਕਾਮਨਾ ਕਰਦੇ ਸਨ। ਸਤਿਗੁਰੂ ਜੀ ਦਾ ਜੀਵਨ ਬਹੁਮੁਖੀ ਸੀ, ਜਿਸ ਵਿੱਚ ਉਹਨਾਂ ਨੇ ਸਮਾਜਿਕ, ਰਾਜਨੀਤਿਕ ਤੇ ਅਧਿਆਤਮਿਕ ਹਰ ਖੇਤਰ ਨੂੰ ਉੱਚਾ ਚੁੱਕਣ ਲਈ ਕੰਮ ਕੀਤਾ। ਉਹਨਾਂ ਦੇ ਜੀਵਨ ਵਿੱਚ ਬ੍ਰਹਮ-ਗਿਆਨ ਦੀ ਅਵਸਥਾ, ਨਿਰਮਾਣਤਾ, ਸਰਲਤਾ, ਸਹਿਜਤਾ ਤੇ ਵੈਸ਼ਵਿਕ ਪ੍ਰੇਮ ਨੂੰ ਅਨੁਭਵ ਕਰਦਿਆਂ ਹੋਇਆਂ ਇਹ ਮੰਨਣ ਤੋਂ ਬਿਨਾਂ ਹੋਰ ਕੋਈ ਵਿਕਲਪ ਨਹੀਂ ਰਹਿੰਦਾ ਕਿ 'ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ' ਗੁਰ-ਵਾਕ ਅਨੁਸਾਰ ਹੀ ਅਵਤਰਿਤ ਹੋਏ ਸਨ।**

**ਸਵੇਰ ਦੇ ਦੀਵਾਨ** ਜਥੇਦਾਰ ਸੁਖਵੰਤ ਸਿੰਘ ਮੁਹਾਵਾ ਤੇ ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ ਆਪਣੇ ਜਥਿਆਂ ਸਮੇਤ ਹੱਲੇ ਦੇ ਦੀਵਾਨ ਸਜਾਏ। ਜਥੇਦਾਰ ਗੁਰਲਾਲ ਸਿੰਘ ਨੇ 'ਧੰਨੁ ਸੁ ਦਿਵਸੁ ਸੰਜੋਗੜਾ ਜਿਤੁ ਡਿਠਾ ਗੁਰ ਦਰਸਾਰ' ਗੁਰ-ਵਾਕ ਦੀ ਟੇਕ ਲੈ ਕੇ 'ਆਓ ਸਾਰੇ ਰਲ ਕੇ ਕਹੀਏ ਧੰਨ ਗੁਰੂ ਜਗਜੀਤ' ਗੀਤ ਦਾ ਗਾਇਨ ਕਰਕੇ ਸੰਗਤ ਨੂੰ ਨਿਹਾਲ ਕੀਤਾ।

**ਸੰਤ ਸਮਾਗਮ:** ਇਸ ਸਮੇਂ ਪਧਾਰੇ ਵੱਖ-ਵੱਖ ਧਾਰਮਿਕ ਸੰਪਰਦਾਵਾਂ ਦੇ ਮੁਖੀ ਤੇ ਸੰਤਾਂ ਮਹੰਤਾਂ ਨੇ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਤੇ ਸਤਿਗੁਰੂ ਜਗਜੀਤ ਸਿੰਘ ਜੀ ਪ੍ਰਤੀ ਆਪਣੇ ਸ਼ਰਧਾ ਸ਼ਬਦ ਭੇਟ ਕੀਤੇ-

**ਪੰਡਿਤ ਯਾਦਵਿੰਦਰ ਸਿੰਘ:** ਸੰਪੂਰਨਾਨੰਦ ਸੰਸਕ੍ਰਿਤ ਵਿਸ਼ਵ-ਵਿਦਿਆਲਾ ਵਾਰਾਨਸੀ ਤੋਂ ਸਿੱਖਿਆ ਪ੍ਰਾਪਤ ਪੰਡਿਤ ਯਾਦਵਿੰਦਰ ਸਿੰਘ ਨਾਮਦਾਰੀ ਨੇ ਆਪਣੇ ਵਖਿਆਨ ਵਿੱਚ ਕਿਹਾ ਕਿ ਸਤਿਗੁਰੂ ਜਗਜੀਤ ਸਿੰਘ ਨੇ ਸਾਨੂੰ ਸਭਨਾਂ ਨੂੰ ਸਤਿਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਤੇ ਸਿੱਖੀ ਨਾਲ ਜੋੜ ਕੇ ਰੱਖਿਆ। ਸੰਗੀਤ ਦੇ ਖੇਤਰ ਵਿੱਚ ਸੰਗੀਤ ਦੀ ਉੱਚ ਸਿੱਖਿਆ ਆਪ ਪ੍ਰਾਪਤ ਕਰਕੇ ਨਾਮਧਾਰੀ ਨੌਜਵਾਨਾਂ ਤੇ ਬੱਚਿਆਂ ਦੇ ਦੇਸ਼ ਵਿਦੇਸ਼ ਵਿੱਚ ਆਪ ਜੀ ਨੇ ਦਰਜਨਾਂ ਸੰਗੀਤ ਕਲਾਕਾਰ ਤੇ ਰਾਗੀ ਜਥੇ ਤਿਆਰ ਕੀਤੇ। ਪੰਡਿਤ ਜੀ ਨੇ ਕਿਹਾ ਕਿ ਨੀਤੀ ਸ਼ਾਸਤਰ ਅਨੁਸਾਰ ਸਾਰਾ ਵਿਸ਼ਵ ਹੀ ਇਕ ਕੁਟੰਬ ਹੈ, ਸਾਡਾ ਪਰਿਵਾਰ ਹੈ। ਸਤਿਗੁਰੂ ਜਗਜੀਤ ਸਿੰਘ ਜੀ ਹਰ ਕਿਸੇ ਨਾਲ ਨਿੱਜੀ ਸੰਬੰਧ ਬਣਾ ਕੇ ਰੱਖਦੇ ਸਨ। ਆਪ ਜੀ ਨੇ ਹਰ ਕਿਸੇ ਨੂੰ ਆਪਣੇ ਪਿਆਰ - ਕਲਾਵੇ ਵਿੱਚ ਲਿਆ। ਵਿਅਕਤੀ ਦਾ ਜੀਵਨ ਹੀ ਦੱਸਦਾ ਹੈ ਕਿ ਉਹਦੀ ਸੋਚ ਕੀ ਹੈ, ਮਨੋਦਸ਼ਾ ਤੇ ਦਿਸ਼ਾ ਕੀ ਹੈ। **ਸਤਿਗੁਰੂ ਜੀ ਦਾ**

**ਜੀਵਨ ਇੱਕ ਖੁੱਲ੍ਹੀ ਕਿਤਾਬ ਵਰਗਾ ਸੀ- ਉਹਨੂੰ ਜਿਥੋਂ ਵੀ ਪੜ੍ਹਿਆ ਜਾਂ ਵਾਚਿਆ ਜਾਵੇ ਤਾਂ ਉਹ ਹਰ ਸਮੇਂ, ਹਰ ਥਾਂ ਇਕੋ ਜਿਹੇ ਹੀ ਵਿਚਰਦੇ ਮਿਲਣਗੇ। ਸੰਨਿਆਸ ਦਾ ਮੂਲ ਹੈ ਤਿਆਗ- ਮੋਹ, ਮਮਤਾ, ਮਾਇਆ ਦਾ ਤਿਆਗ। ਸਤਿਗੁਰੂ ਜੀ ਮਹਾਂ ਸੰਨਿਆਸੀ, ਮਹਾਨ ਤਿਆਗੀ ਸਨ। ਉਹਨਾਂ ਦੇ ਸਭ ਕਾਰਜ ਸੰਸਾਰ ਦੇ ਭਲੇ ਵਾਸਤੇ ਹੁੰਦੇ ਸਨ। ਆਪ ਜੀ ਪ੍ਰੇਮ, ਮੁਹੱਬਤ, ਸਾਂਝੀਵਾਲਤਾ, ਸੇਵਾ, ਸਿਮਰਨ, ਸਾਦਗੀ ਤੇ ਨਿਰਮਾਣਤਾ ਦੀ ਪ੍ਰਤੱਖ ਮੂਰਤ ਸਨ।**

**ਸੰਤ ਨਿਸ਼ਾਨ ਸਿੰਘ ਜੀ ਸ੍ਰੀ ਭੈਣੀ ਸਾਹਿਬ :** ਅਸੀਂ ਸਾਰੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ 100ਵੇਂ ਪ੍ਰਕਾਸ਼ ਵਰ੍ਹੇ ਤੇ ਇਕੱਤਰ ਹੋਏ ਹਾਂ। ਸਾਨੂੰ ਬੜੀ ਖੁਸ਼ੀ ਹੈ ਕਿ ਵੱਖ ਵੱਖ ਸੰਪ੍ਰਦਾਵਾਂ ਦੇ ਮਹਾਂਪੁਰਸ਼ ਅੱਜ ਸਾਡੇ ਵਿਚਕਾਰ ਆਏ ਹਨ।ਨਾਮਧਾਰੀ ਪੰਥ ਦੇ ਸਿੱਖ ਪੰਥ ਦੀਆਂ ਦੂਜੀਆਂ ਸੰਪ੍ਰਦਾਵਾਂ ਨਾਲ ਬੜੇ ਪ੍ਰੇਮ ਪੂਰਵਕ ਸੰਬੰਧ ਰਹੇ ਹਨ।ਜਿੱਥੇ ਸੂਬਾ ਸਾਹਿਬ ਸਿੰਘ ਜੀ ਵਰਗੇ ਮਹਾਂਪੁਰਸ਼ ਉਦਾਸੀ ਮੱਤ ਵਿਚੋਂ ਨਾਮਧਾਰੀ ਪੰਥ ਵਿਚ ਆਏ, ਉਥੇ ਸੂਬਾ ਜਵਾਹਰ ਸਿੰਘ ਜੀ ਜੈਸੇ 'ਬੀਤਰਾਗ' ਮਹਾਤਮਾ ਨਿਰਮਲੇ ਭੇਖ ਵਿਚੋਂ ਆਏ।ਪ੍ਰਸਿੱਧ ਸਿੱਖ ਇਤਿਹਾਸਕਾਰ ਨਿਰਮਲ ਪੰਥ ਭੂਸ਼ਣ ਸ੍ਰੀ ਮਾਨ ਗਿਆਨੀ ਗਿਆਨ ਸਿੰਘ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਾਵਨ ਦਰਬਾਰ ਵਿਚ ਕਰੀਬ 20 ਦਿਨ ਰਹਿ ਕੇ 'ਸ੍ਰੀ ਨਾਨਕ ਪ੍ਰਕਾਸ਼' ਦੀ ਕਥਾ ਕੀਤੀ ਸੀ।ਗਿਆਨੀ ਤੇਜਾ ਸਿੰਘ ਜੀ ਨਿਰਮਲੇ ਮਹਾਂਪੁਰਸ਼ਾਂ ਦਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਪ੍ਰੇਮ ਕਿਸੇ ਤੋਂ ਲੁਕਿਆ ਹੋਇਆ ਨਹੀਂ।ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਮੇਂ ਦੀ ਲੋੜ ਨੂੰ ਅਨੁਭਵ ਕਰਦਿਆਂ ਸਾਰੀਆਂ 'ਸ੍ਰੀ ਗੁਰੂ ਨਾਨਕ ਨਾਮ-ਲੇਵਾ' ਸੰਪ੍ਰਦਾਵਾਂ ਨੂੰ ਏਕਤਾ ਦੇ ਸੂਤਰ ਵਿੱਚ ਪਰੋਣ ਦਾ ਇਕ ਮਹਾਨ ਉਪਰਾਲਾ ਕੀਤਾ ਤੇ ਵਡੇਰੇ ਹਿਤਾਂ ਨੂੰ ਮੁੱਖ ਰੱਖਦੇ ਹੋਏ ਕਾਨਫਰੰਸ ਦੇ ਦੌਰਾਨ ਸ੍ਰੀ ਭੈਣੀ ਸਾਹਿਬ ਵਿਖੇ ਦਸ ਪਾਤਸ਼ਾਹੀਆਂ ਦਾ ਅਰਦਾਸਾ ਵੀ ਪ੍ਰਵਾਨ ਕਰ ਲਿਆ। 1934 ਈ. ਵਿੱਚ ਹੋਈ ਇਸ ਕਾਨਫਰੰਸ ਵਿੱਚ ਇਹ ਮਤਾ ਸਰਬ-ਸੰਮਤੀ ਨਾਲ ਪਾਸ ਕੀਤਾ ਗਿਆ ਕਿ ਹਰ ਸੰਪ੍ਰਦਾ ਆਪਣਾ ਪ੍ਰਚਾਰ ਮੰਡਨ ਰੂਪ ਵਿੱਚ ਕਰੇ, ਨਾ ਕਿ ਦੂਸਰਿਆਂ ਦੇ ਖੰਡਨ ਰੂਪ ਵਿੱਚ। ਜਿਸ ਥਾਂ ਤੇ ਇਹ ਮਹਾਨ ਇਕੱਠ ਹੋਇਆ ਉਸ ਥਾਂ ਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ 'ਗੁਰੂ ਨਾਨਕ ਸਦਭਾਵਨਾ ਮੰਦਰ' ਦੀ ਸਥਾਪਨਾ ਕੀਤੀ ਜੋ ਅੱਜ ਦੀ ਸਟੇਜ ਦੇ ਪਿਛਲੇ ਪਾਸੇ ਮੌਜੂਦ ਹੈ। ਬਿਨਾਂ ਥੰਮਾਂ ਤੋਂ ਇਹ ਮੰਦਰ, ਜਿਸ ਨੂੰ 'ਪ੍ਰਤਾਪ ਮੰਦਰ' ਵੀ ਕਿਹਾ ਜਾਂਦਾ ਹੈ ਕੇਵਲ ਇਕ ਭਵਨ ਨਿਰਮਾਨ ਕਲਾ ਦਾ ਹੀ ਨਮੂਨਾ ਨਹੀਂ ਬਲਕਿ ਇਕ ਵੱਡੀ ਫਿਲਾਸਫ਼ੀ ਆਪਣੇ ਆਪ ਵਿੱਚ ਸਮੋਈ ਬੈਠਾ ਹੈ। ਇਸ ਦੀ ਥੰਮਾਂ ਰਹਿਤ ਛੱਤ ਇਸ ਗੱਲ ਦਾ ਪ੍ਰਤੀਕ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਉੱਚੇ-ਸੁੱਚੇ ਪੰਥ ਵਿੱਚ ਕੋਈ ਦਵੈਤ ਨਹੀਂ ਹੈ, ਅਸੀਂ ਸਾਰੇ ਇੱਕ ਹਾਂ। ਸਾਡੇ ਪਾਸ ਸਿੰਘ ਸਾਹਿਬ ਗਿਆਨੀ ਪ੍ਰਤਾਪ ਸਿੰਘ ਜੀ ਠੱਟਾ ਸਾਬਕਾ ਹੈੱਡ ਗ੍ਰੰਥੀ ਸ੍ਰੀ ਹਜ਼ੂਰ ਸਾਹਿਬ ਨੇ ਦਰਸ਼ਨ ਦਿੱਤੇ ਹਨ। ਇਹਨਾਂ ਦੇ ਪਰਿਵਾਰ ਨਾਲ ਨਾਮਧਾਰੀ ਪੰਥ ਦੇ ਬੜੇ ਸ਼ਰਧਾ ਅਤੇ ਸਤਿਕਾਰ ਵਾਲੇ ਸੰਬੰਧ ਰਹੇ ਹਨ। ਇਹਨਾਂ ਦੇ ਬਜ਼ੁਰਗ ਸੰਤ ਬਾਬਾ ਜਵੰਦ ਸਿੰਘ ਜੀ ਠੱਟੇ ਵਾਲੇ ਜਦੋਂ ਸ੍ਰੀ ਅਨੰਦਪੁਰ ਸਾਹਿਬ ਦਰਸ਼ਨ ਕਰਨ ਲਈ ਜਾਂਦੇ ਤਾਂ ਸ੍ਰੀ ਭੈਣੀ ਸਾਹਿਬ ਵੀ ਜ਼ਰੂਰ ਆਉਂਦੇ। ਕਈ ਵਾਰ ਪ੍ਰੇਮ-ਪਾਸ਼ ਵਿੱਚ ਬੱਝੇ ਹੋਏ ਸੱਤ ਸੱਤ ਦਿਨ ਵੀ ਸ੍ਰੀ ਭੈਣੀ ਸਾਹਿਬ ਰਹਿ ਜਾਂਦੇ। ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਕਈ ਵਾਰ ਉਹਨਾਂ ਦੇ ਨਗਰ ਦਰਸ਼ਨ ਦਿੰਦੇ ਅਤੇ ਪ੍ਰਸਪਰ ਪ੍ਰੇਮ ਤਰੰਗਾਂ ਦਾ ਅਨੰਦ ਮਾਣਦੇ।

**ਸਤਿਗੁਰੂ ਜਗਜੀਤ ਸਿੰਘ ਜੀ ਨੇ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਰਾਜ ਜੋਗ ਤਖਤ 'ਤੇ ਸੁਭਾਏਮਾਨ ਹੋਣ ਤੋਂ ਬਾਅਦ ਗੁਰਬਾਣੀ ਦੇ ਪ੍ਰਚਾਰ ਪ੍ਰਸਾਰ 'ਤੇ ਵਿਸ਼ੇਸ਼ ਜ਼ੋਰ ਦਿੱਤਾ। ਆਪ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਿੰਨ ਵੇਰ ਸਵਾ ਸਵਾ ਲੱਖ ਪਾਠ ਕਰਵਾਏ। ਇਹ ਪਾਠ ਹੋਲੇ ਮੇਲਿਆਂ ਅਤੇ ਹੋਰ ਕਾਰਜਾਂ ਨਮਿੱਤ ਪਾਏ ਗਏ ਭੋਗਾਂ ਤੋਂ ਵੱਖਰੇ ਹਨ। ਆਪ ਜੀ ਸ਼ੁੱਧ ਗੁਰਬਾਣੀ ਪੜ੍ਹਨ ਤੇ ਵਿਸ਼ੇਸ਼ ਜ਼ੋਰ ਦਿੰਦੇ। ਗੁਰਬਾਣੀ ਸਤਿਕਾਰ ਦੇ ਸੰਬੰਧ ਵਿੱਚ ਆਪ ਜੀ ਗੁਰਬਾਣੀ ਦੀ ਇਕ ਤੁਕ ਦਾ ਸਤਿਕਾਰ ਵੀ ਸੰਪੂਰਨ ਗੁਰੂ ਗ੍ਰੰਥ ਸਾਹਿਬ ਜੀ ਜਿੰਨਾ ਹੀ ਕਰਦੇ। ਆਪ ਜੀ ਹੁਕਮ ਕਰਦੇ ਕਿ ਆਪਣੇ ਬੱਚਿਆਂ ਨੂੰ ਪਾਠੀ ਜ਼ਰੂਰ ਬਣਾਓ। ਖਾਲਸਾ ਪੰਥ ਦੀ ਸਾਜਨਾ ਦੀ ਤੀਜੀ ਸ਼ਤਾਬਦੀ 'ਤੇ 1999 ਈ. ਵਿੱਚ ਆਪ ਜੀ ਨੇ ਹੁਕਮ ਕੀਤਾ ਕਿ ਸਾਰਾ ਸਿੱਖ ਪੰਥ ਰਲ ਕੇ ਗੁਰੂ ਕਲਗੀਧਰ ਪਾਤਸ਼ਾਹ ਦੀ ਬਾਣੀ ਦੇ ਘੱਟੋ-ਘੱਟ 300 ਪਾਠੀ ਜ਼ਰੂਰ ਤਿਆਰ ਕਰ ਲਏ। ਆਪ ਜੀ ਗੁਰਬਾਣੀ ਦੇ ਨਾਲ ਨਾਲ ਗੁਰਮੁਖੀ ਅੱਖਰਾਂ ਦਾ ਪੂਰਨ ਸਤਿਕਾਰ ਕਰਨ ਦਾ ਆਦੇਸ਼ ਦਿੰਦੇ। ਅੱਜ ਸਤਿਗੁਰੂ ਜੀ ਦੀ ਪ੍ਰਕਾਸ਼ ਸ਼ਤਾਬਦੀ 'ਤੇ ਸਾਨੂੰ ਪ੍ਰਣ ਕਰਨਾ ਚਾਹੀਦਾ ਹੈ ਕਿ ਅਸੀਂ ਗੁਰਬਾਣੀ, ਗੁਰਸਿੱਖੀ ਅਤੇ ਗੁਰਮੁਖੀ ਨਾਲ ਜੁੜੀਏ।**

# ਸਤਿਗੁਰੂ ਜਗਜੀਤ ਸਿੰਘ ਪ੍ਰਕਾਸ਼ ਸ਼ਤਾਬਦੀ ਮੇਲੇ ਦੀਆਂ ਝਲਕੀਆਂ

## ਕਵੀ ਦਰਬਾਰ: ਕਵੀ ਜਨ ਅਤੇ ਮਾਨ ਸਨਮਾਨ। 26-11-2020 , ਸ੍ਰੀ ਭੈਣੀ ਸਾਹਿਬ



ਉਪਰੋਂ ਖੱਬਿਓਂ: ਜਗਤਾਰ ਸਿੰਘ, ਗੁਰਸੇਵਕ ਸਿੰਘ, ਰਜਿੰਦਰ ਕੌਰ, ਸੁਵਰਨ ਸਿੰਘ ਵਿਰਕ, ਅਰਵਿੰਦਰ ਕੌਰ ਸੰਧੂ, ਸਤਨਾਮ ਸਿੰਘ ਕੋਮਲ, ਸੁਸ਼ੀਲ ਦੁਸਾਂਝ,ਲਖਵਿੰਦਰ ਸਿੰਘ ਬਾਜਵਾ, ਹੇਠਾਂ ਮਾ. ਅਮਰੀਕ ਸਿੰਘ, ਬਿਸ਼ਨ ਦਾਸ, ਦਰਸ਼ਨ ਸਿੰਘ ਬੁੱਟਰ, ਬਲਵੀਰ ਸਿੰਘ ਢਿੱਲੋਂ, ਸ਼ਿਵਰਾਜ ਲੁਧਿਆਣਵੀ, ਰਛਪਾਲ ਸਿੰਘ ਪਾਲ, ਪਦਮ ਸ੍ਰੀ ਸੁਰਜੀਤ ਪਾਤਰ।



ਪਦਮ ਸ੍ਰੀ ਸੁਰਜੀਤ ਪਾਤਰ।




ਸ. ਦਰਸ਼ਨ ਸਿੰਘ ਬੁੱਟਰ



ਸਤਨਾਮ ਸਿੰਘ ਕੋਮਲ



ਲਖਵਿੰਦਰ ਸਿੰਘ ਬਾਜਵਾ




ਸ੍ਰੀ ਸੁਸ਼ੀਲ ਦੁਸਾਂਝ



ਅਰਵਿੰਦਰ ਕੌਰ ਸੰਧੂ



ਰਛਪਾਲ ਸਿੰਘ ਪਾਲ



ਸੁਵਰਨ ਸਿੰਘ ਵਿਰਕ



ਬਿਸ਼ਨ ਦਾਸ,



ਸ਼ਿਵਰਾਜ ਲੁਧਿਆਣਵੀ



ਜਗਤਾਰ ਸਿੰਘ,



ਮਾ. ਅਮਰੀਕ ਸਿੰਘ

# ਸਤਿਗੁਰੂ ਜਗਜੀਤ ਸਿੰਘ ਪ੍ਰਕਾਸ਼ ਸ਼ਤਾਬਦੀ ਮੇਲੇ ਦੀਆਂ ਝਲਕੀਆਂ

27-11-2020 , ਸ੍ਰੀ ਭੈਣੀ ਸਾਹਿਬ

## ਵਿਸਵਾਨਾਂ ਦੇ ਵਖਿਆਨ, ਸੁਖ਼ਨ-ਏ-ਬੇਅੰਤ ਰਿਲੀਜ਼, ਸੰਗੀਤ, ਦੀਵਾਨ, ਮਾਨ-ਸਨਮਾਨ



ਖੱਬਿਓਂ: ਸੁਵਰਨ ਸਿੰਘ ਵਿਰਕ, ਸ. ਬਲਕੌਰ ਸਿੰਘ, ਸ. ਗੁਲਜ਼ਾਰ ਸਿੰਘ ਪੰਧੇਰ, ਹਰਪਾਲ ਸਿੰਘ ਸੇਵਕ, ਸ. ਜਸਵੰਤ ਸਿੰਘ ਜ਼ਫਰ, ਡਾ. ਸੁਖਦੇਵ ਸਿੰਘ, ਸ੍ਰੀ ਅਲੋਕ ਕੁਮਾਰ ਜੀ (ਪ੍ਰਧਾਨ ਵਿਸ਼ਵ ਹਿੰਦੂ ਪ੍ਰੀਸ਼ਦ)।



ਸੁਖ਼ਨ-ਏ-ਬੇਅੰਤ



ਸੰਗੀਤ-ਤਾਰ ਸ਼ਹਿਨਾਈ ਵਾਦਨ



ਹੱਲੇ ਦਾ ਦੀਵਾਨ



ਸ੍ਰੀ ਅਲੋਕ ਕੁਮਾਰ ਜੀ
(ਪ੍ਰਧਾਨ ਵਿਸ਼ਵ ਹਿੰਦੂ ਪ੍ਰੀਸ਼ਦ)



ਸ. ਗੁਲਜ਼ਾਰ ਸਿੰਘ ਪੰਧੇਰ



ਸ. ਹਰਭਜਨ ਸਿੰਘ ਪਰਵਾਨਾ



ਡਾ. ਸੁਖਦੇਵ ਸਿੰਘ



ਸ. ਜਸਵੰਤ ਸਿੰਘ ਜ਼ਫਰ



ਸ. ਬਲਕੌਰ ਸਿੰਘ

# ਸਤਿਗੁਰੂ ਜਗਜੀਤ ਸਿੰਘ ਪ੍ਰਕਾਸ਼ ਸ਼ਤਾਬਦੀ ਮੇਲੇ ਦੀਆਂ ਝਲਕੀਆਂ

28-11-2020 , ਸ੍ਰੀ ਭੈਣੀ ਸਾਹਿਬ

## ਸੰਤ- ਸਮਾਗਮ



ਖੱਬਿਓਂ: ਪੰ. ਯਾਦਵਿੰਦਰ ਸਿੰਘ, ਸੰਤ ਨਿਸ਼ਾਨ ਸਿੰਘ ਕਥਾਕਾਰ, ਸ. ਗੁਰਦਿਆਲ ਸਿੰਘ ਘਈ, ਜਨਾਬ ਤਨਵੀਰ ਅਹਿਮਦ ਕਾਦੀਆਂ, ਸੰਤ ਇੰਦਰਜੀਤ ਸਿੰਘ ਰਕਬੇ ਵਾਲੇ, ਗਿਆਨੀ ਪ੍ਰਤਾਪ ਸਿੰਘ ਠੱਟਾ (ਸਾਬਕਾ ਹੈੱਡ ਗ੍ਰੰਥੀ ਸ੍ਰੀ ਹਜ਼ੂਰ ਸਾਹਿਬ), ਸੁਆਮੀ ਦਰਸ਼ਨ ਸਿੰਘ ਸ਼ਾਸਤਰੀ, ਸੁਆਮੀ ਗਿਆਨ ਦੇਵ (ਮੁਖੀ ਨਿਰਮਲ ਮਹਾਂ ਮੰਡਲ)।




'ਸਿੱਖੀ ਸਰੂਪ ਦੀ ਸ਼ਾਨ: ਨਾਮਧਾਰੀ ਹਾਕੀ' ਸੋਵੀਨੀਅਰ ਰਿਲੀਜ਼



ਚਿੱਤਰਕਾਰ ਗੁਰਪ੍ਰੀਤ ਸਿੰਘ ਬਠਿੰਡਾ ਦਾ ਸਨਮਾਨ




ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨਾਲ ਸੰਗੀਤਕਾਰਾਂ ਦੀ ਯਾਦਗਾਰੀ ਤਸਵੀਰ।

# ਸਤਿਗੁਰੂ ਜਗਜੀਤ ਸਿੰਘ ਪ੍ਰਕਾਸ਼ ਸ਼ਤਾਬਦੀ ਮੇਲੇ ਦੀਆਂ ਝਲਕੀਆਂ

29-11-2020 , ਸ੍ਰੀ ਭੈਣੀ ਸਾਹਿਬ

## ਸਤਿਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ




ਵਾਰਾਂ ਦੀਆਂ ਧੁਨੀਆਂ ਦੀ ਵੀਡੀਓ ਰਿਲੀਜ਼




ਜ. ਕਮਾਲ ਸਿੰਘ ਦਾ ਜਥਾ ਦੀਵਾਨ ਲਾਉਂਦਾ ਹੋਇਆ



ਪ੍ਰੋ.ਅਵਤਾਰ ਸਿੰਘ



ਡਾ. ਸੁਰਜੀਤ ਸਿੰਘ ਭੱਟੀ



ਗਿਆਨੀ ਗੁਰਵਿੰਦਰ ਸਿੰਘ ਜੀ ਨੰਗਲੀ ਵਾਲੇ





ਸ੍ਰੀ ਸਤਿਗੁਰੂ ਜੀ ਪੰ. ਰਾਜਨ ਮਿਸ਼ਰਾ ਤੇ ਸਾਜਨ ਮਿਸ਼ਾਰ ਜੀ ਨੂੰ ਸਨਮਾਨ ਦਿੰਦੇ ਹੋਏ ਅਤੇ
ਪੰਡਿਤ ਰਾਜਨ ਮਿਸ਼ਰਾ, ਸਾਜਨ ਮਿਸ਼ਰਾ ਜੀ ਤੇ ਡਾ. ਸੁਰਜੀਤ ਸਿੰਘ ਭੱਟੀ ਇੱਕ ਯਾਦਗਾਰੀ ਤਸਵੀਰ।

ਅੱਜ ਦੇ ਸੰਤ-ਸਮਾਗਮ ਦਾ ਮੰਚ ਸੰਚਾਲਨ ਸੰਤ ਨਿਸ਼ਾਨ ਸਿੰਘ ਨੇ ਕੀਤਾ। ਆਪ ਨੇ ਮਹਾਂਪੁਰਸ਼ ਸੰਤ ਇੰਦਰਜੀਤ ਸਿੰਘ ਜੀ ਨੂੰ ਪੇਸ਼ ਕਰਦਿਆਂ ਦੱਸਿਆ ਕਿ ਨਾਮਧਾਰੀ ਪੰਥ ਨਾਲ ਆਪ ਦੀਆਂ ਸਾਂਝਾ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਵੇਲੇ ਤੋਂ ਜੁੜੀਆਂ ਹੋਈਆਂ ਹਨ। ਆਪ ਦਮਦਮੀ ਟਕਸਾਲ ਦੀ ਵੱਡੀ ਹਸਤੀ ਨੇ, ਆਪ ਨੇ ਮੈਨੂੰ ਦੱਸਿਆ ਸੀ ਕਿ ਆਖਰੀ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਜਦੋਂ ਦੇਹ ਕਰਕੇ ਢਿੱਲੇ ਸਨ ਤਾਂ ਸੰਤ ਬਾਬਾ ਗੁਰਬਰਨ ਸਿੰਘ ਜੀ ਭਿੰਡਰਾਂਵਾਲੇ ਪਤਾ ਲੈਣ ਆਏ ਸਨ ਉਸ ਸਮੇਂ ਮੈਨੂੰ ਵੀ ਸੁਭਾਗ ਹੋਇਆ ਸਤਿਗੁਰੂ ਜੀ ਦੇ ਦਰਸ਼ਨ ਕਰਨ ਦਾ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਬਾਰ ਵਿੱਚ ਵੀ ਆਪ ਹਾਜ਼ਰੀ ਭਰਦੇ ਰਹੇ- ਆਪ ਜੀ ਜਿੱਡੇ ਵੱਡੇ ਵਿਦਵਾਨ ਹਨ ਉਸਤੋਂ ਵੀ ਵੱਧ ਨਿਰਮਾਣ ਹਨ, ਪ੍ਰੇਮ ਦੇ ਸੋਮੇ ਹਨ, ਅਦਵੈਤ ਵਿਚਾਰਧਾਰਾ ਦੇ ਧਾਰਣੀ ਅਤੇ ਗਿਆਨ ਦੇ ਭੰਡਾਰ ਹਨ।

**ਸੰਤ ਇੰਦਰ ਸਿੰਘ ਜੀ ਰਕਬੇ ਵਾਲੇ:**

ਦਮਦਮੀ ਟਕਸਾਲ ਨਾਲ ਸੰਬੰਧਿਤ ਇਹਨਾਂ **ਸੰਤਾਂ ਨੇ ਕਿਹਾ ਕਿ ਸਾਡਾ ਸਿਧਾਂਤ ਅਦਵੈਤਵਾਦ ਹੈ। ਜਿਹਦੀਆਂ ਵਾਸ਼ਨਾਵਾਂ ਸੁੰਨ ਹੋ ਜਾਣ ਉਹ ਸੰਨਿਆਸੀ ਹੈ। ਗੁਰਬਾਣੀ ਨੂੰ ਪੜ੍ਹਨਾ ਤੇ ਪਛਾਨਣਾ ਸਿੱਖੋ। ਅਸੀਂ ਇੱਕ ਹਾਂ, ਇੱਕ ਹਾਂ, ਇੱਕ ਹਾਂ- ਸਾਰੇ ਸਿੱਖ ਗੁਰੂ ਨਾਨਕ ਜੀ ਦੇ ਨਾਮ ਲੇਵਾ ਹਨ।** ਇਛਾਵਾਂ ਸਭ ਦੀਆਂ ਮੁੱਖ ਤੌਰ ਤੇ ਦੋ ਕਿਸਮ ਦੀਆ ਹੁੰਦੀਆਂ ਨੇ- ਇਕ ਵਡਿਆਈ ਦੀ, ਦੂਜੀ ਮਾਇਆ ਦੀ। ਪਰ ਨਿਸ਼ਕਾਮ ਭਾਵਨਾ ਨਾਲ ਹੀ ਜੜ੍ਹ, ਚੇਤਨ ਅਤੇ ਮਾਣ ਮਾਇਆ ਤੋਂ ਬਚਿਆ ਜਾ ਸਕਦਾ ਹੈ। ਸਾਡੀ ਸਭ ਨਾਲ ਸਾਂਝ ਹੈ। ਸਾਡਾ ਅਸਲੀ ਸਰੂਪ, ਸਾਡਾ ਆਤਮਾ ਸਰੂਪ ਹੈ। ਇਸ ਕਰਕੇ ਭੇਖ ਪੱਖੋਂ ਵੱਖ ਹੁੰਦੇ ਹੋਏ ਵੀ ਅਸੀਂ ਵੱਖ ਨਹੀਂ। ਮਹਾਂਪੁਰਸ਼ਾਂ (ਸਤਿਗੁਰੂ ਜਗਜੀਤ ਸਿੰਘ) ਦਾ ਜੀਵਨ ਆਪ ਨੇ ਸਰਵਨ ਕੀਤਾ ਹੈ। ਇਸ ਫੁੱਲਵਾੜੀ ਵਿੱਚ ਬਹੁਤ ਸੰਤ ਹਨ। ਗੁਰਬਾਣੀ ਨੂੰ ਪਛਾਨਣਾ ਸਿੱਖੋ। ਜ਼ਖਮਾਂ ਨੂੰ ਫੋਲਣ ਵਾਲਾ ਬਚਨ ਨਾ ਕਹੋ। ਜੋ ਕੋਈ ਗੁਰਬਾਣੀ ਪੜ੍ਹਦਾ ਹੈ, ਉਹ ਨਾਮ ਤੋਂ ਬਾਹਰ ਨਹੀਂ। ਸੰਗਤ ਦੀ ਧੂੜੀ ਤਾਰ ਦਿੰਦੀ ਹੈ। ਜਿੱਥੇ ਬੁੱਧੀ ਕੰਮ ਨਹੀਂ ਕਰਦੀ ਉੱਥੇ ਅਕਾਲ ਪੁਰਖ ਦਾ ਨਾਮ ਸਾਡਾ ਸਹਾਇਕ ਬਣਦਾ ਹੈ।

ਸੰਤ ਨਿਸ਼ਾਨ ਸਿੰਘ ਜੀ ਨੇ ਸੰਤ ਇੰਦਰ ਸਿੰਘ ਜੀ ਦਾ ਧੰਨਵਾਦ ਕਰਦਿਆਂ ਅਗਲੇ ਵਿਦਵਾਨ ਬੁਲਾਰੇ ਗਿਆਨੀ ਪ੍ਰਤਾਪ ਸਿੰਘ ਜੀ ਬਾਰੇ ਦੱਸਿਆ ਕਿ ਆਪ ਬਾਬਾ ਜਵੰਦ ਸਿੰਘ ਜੀ ਦੇ ਵੰਸਜ਼ ਨੇ। ਆਪ ਦਾ ਸੰਸਾਰਿਕ ਸਬੰਧ ਭਾਈ ਬਿਧੀ ਚੰਦ ਜੀ ਦੀ ਸੰਪਰਦਾ ਨਾਲ ਹੈ। ਆਪ ਨੇ ਹਜ਼ੂਰ ਸਾਹਿਬ ਵਿਖੇ ਸੇਵਾ ਕਰਦਿਆਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਆਪ ਲਿਖਣ ਦੀ ਸੇਵਾ ਕੀਤੀ ਹੈ।

**ਗਿਆਨੀ ਪ੍ਰਤਾਪ ਸਿੰਘ ਠੱਟਾ (ਸਾਬਕਾ ਹੈੱਡ ਗ੍ਰੰਥੀ ਸ੍ਰੀ ਹਜ਼ੂਰ ਸਾਹਿਬ)** ਨੇ ਸਤਿਗੁਰੂ ਜਗਜੀਤ ਸਿੰਘ ਦੇ ਪ੍ਰਕਾਸ਼ ਪੁਰਬ ਦੀਆਂ ਸੰਗਤਾਂ ਨੂੰ ਵਧਾਈਆਂ ਦੇ ਕੇ ਕਿਹਾ ਕਿ ਸਾਰੀਆਂ ਸਿੱਖ ਸੰਪਰਦਾਵਾਂ ਦਾ ਮੂਲ ਆਧਾਰ ਗੁਰਬਾਣੀ ਹੈ, ਰਹਿਤ ਮਰਿਯਾਦਾ ਵਿੱਚ ਥੋੜਾ-ਥੋੜਾ ਅੰਤਰ ਹੋ ਸਕਦਾ ਹੈ ਪਰ ਅਸੀਂ ਸਾਰੇ, ਉਦਾਸੀ, ਨਿਰਮਲੇ, ਨਿਹੰਗ, ਨਾਮਧਾਰੀ, ਟਕਸਾਲ ਆਦਿ ਸਭ ਨਾਨਕ ਨਾਮ ਲੇਵਾ ਹਾਂ। ਅਕਾਲ ਤਖਤ ਸਾਹਿਬ ਅਤੇ ਹਰਿ ਮੰਦਰ ਦੀ ਮਰਿਯਾਦਾ ਵਿੱਚ ਵੀ ਕੁਝ ਫਰਕ ਹਨ। ਪਰ ਸਾਨੂੰ ਫਰਕ ਵਾਲੀਆਂ ਗੱਲਾਂ ਨੂੰ ਨਜ਼ਰ ਅੰਦਾਜ਼ ਕਰਕੇ ਸਾਂਝੀਆਂ ਕੜੀਆਂ ਵੇਖਣੀਆਂ ਚਾਹੀਦੀਆਂ ਹਨ। ਮੈਂ ਤੇ ਹੰਸਪਾਲ ਜੀ ਇਕ ਵੇਰ ਪਟਨਾ ਸਾਹਿਬ ਤੋਂ ਦਿੱਲੀ ਤੱਕ ਇਕੱਠੇ ਜਹਾਜ ਤੇ ਆਏ, ਮੈਂ ਬੇਨਤੀ ਕੀਤੀ ਕਿ ਬਾਬਾ ਜੀ ਮਹਾਰਾਜ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਨ ਨੂੰ ਜੀਅ ਕਰਦਾ ਹੈ, ਪਰ ਉਸ ਵੇਲੇ ਹਜ਼ੂਰ ਸਾਹਿਬ ਮੇਰਾ ਸੇਵਾ ਦਾ ਪਹਿਰਾ ਇਸਤਰ੍ਹਾਂ ਦਾ ਸੀ ਕਿ ਮਹਾਰਾਜ ਜੀ ਦੇ ਦਰਸ਼ਨ ਕਰਨ ਦਾ ਸੰਜੋਗ ਨਾ ਬਣ ਸੱਕਿਆ- ਹੁਣ ਸਮਾਂ ਬਣਿਆ, ਮਹਾਰਾਜ ਦਾ ਸੰਦੇਸ਼ ਪੁੱਜਾ, ਤਾਂ ਮੈਂ ਏਥੇ ਪਵਿਤ੍ਰ ਨਗਰੀ ਵਿੱਚ ਆ ਕੇ ਦਰਸ਼ਨ ਕਰ ਸੱਕਿਆ ਹਾਂ। ਦੁਬਾਰਾ **ਫੇਰ ਸਾਧ ਸੰਗਤ ਜੀ ਮਹਾਂਪੁਰਖ ਮਹਾਰਾਜ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀਆਂ ਦਾਸ ਵਲੋਂ, ਬਾਬਾ ਅਵਤਾਰ ਸਿੰਘ ਜੀ ਮੁਖੀ ਦਲ ਪੰਥ ਬਾਬਾ ਬਿਧੀ ਚੰਦ ਜੀ ਨੇ ਵੀ ਆਉਣਾ ਸੀ ਪਰ ਉਹ ਸੁਲਤਾਨਪੁਰ ਵਿਖੇ ਸਵਾ ਮਹੀਨੇ ਤੋਂ ਲੰਗਰ ਦੀ ਸੇਵਾ ਕਰ ਰਹੇ ਹਨ, ਉਨ੍ਹਾਂ ਨੇ ਵੀ ਕਿਹਾ ਸੀ ਕਿ ਸਾਡੇ ਵਲੋਂ ਵੀ ਮਹਾਂਪੁਰਖਾਂ ਦੇ ਅਵਤਾਰ ਪੁਰਬ ਦੀਆਂ ਵਧਾਈਆਂ ਦਿਉ- ਸੋ ਧੰਨ ਸਨ ਮਹਾਂਪੁਰਖ ਬਾਬਾ ਜਗਜੀਤ ਸਿੰਘ ਸਾਹਿਬ ਜੀ ਜੋ**

**'ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥**
**ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂੰ॥ "**

**ਐਸੀ ਅਵਸਥਾ ਦੇ ਸੁਆਮੀਂ ਉਨ੍ਹਾਂ ਦੇ ਪ੍ਰਕਾਸ਼ ਪੁਰਬ ਦੀਆਂ ਸਾਰੀਆਂ ਸੰਗਤਾਂ ਨੂੰ ਬੇਅੰਤ-ਬੇਅੰਤ ਵਧਾਈਆਂ।**

**ਸ੍ਰ. ਗੁਰਦਿਆਲ ਸਿੰਘ ਘਈ:** ਸਾਵਨ-ਕਿਰਪਾਲ ਰੂਹਾਨੀ ਮਿਸ਼ਨ ਦਿੱਲੀ ਦੇ ਨੁਮਾਇੰਦੇ ਇਸ ਸੱਜਣ ਨੇ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਆਪਣੇ ਮਿਸ਼ਨ ਦੇ ਗੂੜ੍ਹੇ ਸੰਬੰਧਾਂ ਦਾ ਉਲੇਖ ਕੀਤਾ। ਇਹਨਾਂ ਨੇ ਆਪਣੇ ਮਿਸ਼ਨ ਦੇ ਮੁਖੀ ਸੰਤ ਰਜਿੰਦਰ ਸਿੰਘ ਦਾ ਸੰਦੇਸ਼ ਪੜ੍ਹ ਕੇ ਸੁਣਾਇਆ- "ਪਹਿਲੀ ਪ੍ਰਕਾਸ਼ ਸ਼ਤਾਬਦੀ ਦੇ ਮੌਕੇ ਤੇ ਭੈਣੀ ਸਾਹਿਬ ਨੂੰ ਵਧਾਈਆਂ ਤੇ ਸ਼ੁੱਭ ਇਛਾਵਾਂ।" ਇਹਨਾਂ ਨੇ ਕਿਹਾ ਕਿ ਸਤਿਗੁਰੂ ਜਗਜੀਤ ਸਿੰਘ ਜੀ ਅਧਿਆਤਮਕ ਤੌਰ ਤੇ ਇੱਕ ਜਾਗਰਿਤ ਆਤਮਾ ਸਨ। ਮਨੁੱਖਤਾ ਲਈ ਉਹਨਾਂ ਆਯੂ ਪ੍ਰਯੰਤ ਨਿਸ਼ਕਾਮ ਸੇਵਾ ਕੀਤੀ। ਉਨ੍ਹਾਂ ਨੂੰ ਸਾਡੇ ਸਮੇਂ ਦੇ ਮਹਾਨ ਅਧਿਆਤਮਕ ਗੁਰੂ ਵਜੋਂ ਯਾਦ ਕੀਤਾ ਜਾਂਦਾ ਰਹੇਗਾ। ਆਪ ਜੀ ਦੇ ਸਾਡੇ ਮਿਸ਼ਨ ਦੇ ਮੁਖੀਆਂ ਨਾਲ ਬੜੇ ਜੀਵੰਤ ਸੰਬੰਧ ਸਨ। ਸਤਿਗੁਰੂ ਜੀ ਨੇ 1996 ਈ. ਵਿੱਚ ਹੋਈ ਸੂਫ਼ੀਵਾਦ 'ਤੇ ਕੌਮਾਂਤਰੀ ਕਾਨਫਰੰਸ ਵਿੱਚ ਸ਼ਿਰਕਤ ਕੀਤੀ ਸੀ। ਸਤਿਗੁਰੂ ਜਗਜੀਤ ਸਿੰਘ ਵਾਂਗ ਹੀ ਸਤਿਗੁਰੂ ਉਦੇ ਸਿੰਘ ਜੀ ਦੇ ਸਾਡੇ ਮਿਸ਼ਨ ਨਾਲ ਬੜੇ ਨਿੱਘੇ ਸੰਬੰਧ ਹਨ।

**ਜਨਾਬ ਤਨਵੀਰ ਅਹਿਮਦ (ਅਹਿਮਦੀਆ ਮੁਸਲਿਮ ਜਮਾਤ, ਕਾਦੀਆਂ):** ਨੇ ਗੁਰਬਾਣੀ ਦਾ ਇਹ ਸ਼ਬਦ

ਬਿਸਰਿ ਗਈ ਸਭ ਤਾਤਿ ਪਰਾਈ॥
ਜਬ ਤੇ ਸਾਧਸੰਗਤਿ ਮੋਹਿ ਪਾਈ॥
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ

ਉਚਾਰਨ ਕਰਕੇ ਆਪਣਾ ਵਖਿਆਣ ਆਰੰਭ ਕੀਤਾ। **ਸ੍ਰੀ ਤਨਵੀਰ ਜੀ ਨੇ ਕਿਹਾ ਸਤਿਗੁਰੂ ਜਗਜੀਤ ਸਿੰਘ ਜੀ ਵਰਗੀਆਂ ਸਖਸ਼ੀਅਤਾਂ ਦਾ ਗੁਣਗਾਨ ਕਰਕੇ ਸਾਨੂੰ ਹੀ ਫਾਇਦਾ ਹੁੰਦਾ ਹੈ, ਸਾਨੂੰ ਹੀ ਰੌਸ਼ਨੀ ਮਿਲਦੀ ਹੈ। ਉਹਨਾਂ ਪਾਸੋਂ ਸਾਨੂੰ ਬਹੁਤ ਕੁਝ ਚੰਗਾ ਸਿੱਖਣ ਨੂੰ ਮਿਲਦਾ ਹੈ ਜੋ ਸਾਨੂੰ ਅਪਣਾ ਲੈਣਾ ਚਾਹੀਦਾ ਹੈ। 40-50 ਸਾਲ ਪਹਿਲਾਂ ਸਤਿਗੁਰੂ ਜਗਜੀਤ ਸਿੰਘ ਜੀ ਕਾਦੀਆਂ ਵਿਖੇ ਤਸ਼ਰੀਫ ਲਿਆਏ ਤੇ ਉਹਨਾਂ ਸਰਬ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ। ਉਹ ਸਾਰੇ ਸੰਸਾਰ ਵਿੱਚ ਅਮਨ-ਅਮਾਨ ਚਾਹੁੰਦੇ ਸਨ। ਸਤਿਗੁਰੂ ਜੀ ਦਾ ਕਹਿਣਾ ਸੀ ਕਿ ਪਰਮ ਪਿਤਾ ਪਰਮਾਤਮਾ ਨਾਲ ਸੰਪਰਕ ਪੈਦਾ ਕਰੋ ਤੇ ਉਹਦੀ ਖ਼ਲਕਤ ਨਾਲ ਪਿਆਰ ਕਰੋ। ਗੁਰੂ ਗੋਬਿੰਦ ਸਿੰਘ ਜੀ ਦਾ ਉਪਦੇਸ਼ ਹੈ- ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥ ਅਰਥਾਤ, ਦੂਜਿਆਂ ਨੂੰ ਨਫ਼ਰਤ ਕਰਕੇ ਖੁਦਾ ਨੂੰ ਪਰਾਪਤ ਨਹੀਂ ਕੀਤਾ ਜਾ ਸਕਦਾ।** ਸਾਨੂੰ 'ਪਰਮਾਤਮਾ ਦੀ ਰਜ਼ਾ ਵਿੱਚ ਰਹਿਣ' ਦੇ ਸਿਧਾਂਤ ਨੂੰ ਨਿਭਾਉਣਾ ਚਾਹੀਦਾ ਹੈ। ਜੇ ਸਿੱਖ ਹੋ ਕੇ ਵੀ ਮੜ੍ਹੀਆਂ, ਮਸਾਣਾਂ ਨੂੰ ਪੂਜਦੇ ਹਨ ਤਾਂ ਇਹ ਗੁਰਮਤਿ ਦੇ ਅਨਕੂਲ ਨਹੀਂ। ਸਾਂਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥ ਸਾਨੂੰ ਸਭ ਨਾਲ ਮੇਲ ਮਿਲਾਪ ਵਧਾਉਣ ਅਤੇ ਗੁਣਾਂ ਦੀ ਸਾਂਝ ਕਰਨੀ ਚਾਹੀਦੀ ਹੈ। ਅੰਤ ਤੇ ਆਪ ਨੇ ਕਿਹਾ - ਅਸੀਂ ਅਹਿਮਦੀਆ ਜਮਾਤ ਦੇ ਪ੍ਰਧਾਨ ਵਲੋਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰਕਾਸ਼ ਸ਼ਤਾਬਦੀ ਦੀਆਂ ਸਮੂਹ ਸੰਗਤਾਂ ਨਾਲ ਵਧਾਈਆਂ ਸਾਂਝੀਆਂ ਕਰਦੇ ਅਤੇ ਮੌਜੂਦਾ ਸਤਿਗੁਰੂ ਜੀ ਦੀ ਚੜ੍ਹਦੀ ਕਲਾ ਚਾਹੁੰਦੇ ਹਾਂ।

**ਸੁਆਮੀ ਦਰਸ਼ਨ ਸਿੰਘ ਸ਼ਾਸਤਰੀ ਨੇ ਕਿਹਾ ਕਿ ਜਿਸ ਸ਼ਕਤੀ ਨੇ ਜਗਤ ਜਲੰਦੇ ਨੂੰ ਤਾਰਨ ਵਾਸਤੇ ਮਨੁੱਖਾ-ਦੇਹ ਵਿੱਚ ਅਵਤਾਰ ਧਾਰਿਆ ਉਹ ਹੀ ਸਤਿਗੁਰੂ ਹੈ। ਪ੍ਰਮਾਤਮਾ ਦੇ ਕਿਰਤਮ ਨਾਮ ਅਨੇਕ ਹਨ ਪਰ 'ਸਤਿਨਾਮੁ, ਅਕਾਲ ਪੁਰਖ ਦਾ ਇਕੋ ਹੀ ਨਾਮ ਹੈ। ਨਿਰਮਲ ਮਨ ਨਾਲ ਹੀ ਪ੍ਰਮਾਤਮਾ ਸਤਿਗੁਰੂ, ਅਕਾਲਪੁਰਖ ਦੇ ਦਰਸ਼ਨ ਹੋ ਸਕਦੇ ਹਨ। ਮਹਾਂਪੁਰਖ ਪਰਹਿੱਤਕਾਰੀ, ਪਰਉਪਕਾਰੀ ਹੁੰਦੇ ਹਨ।** ਸਾਕਤ ਮਰਦੇ ਨੇ, ਸੰਤ ਨਹੀਂ ਮਰਦੇ, ਉਹ ਤਾਂ ਮਰਿਆਂ ਨੂੰ ਵੀ ਜੀਵਨ ਦਿੰਦੇ ਹਨ ਕਿਉਂਕਿ ਗੁਰਵਾਕ ਹੈ- 'ਸਤਿਗੁਰ ਮੇਰਾ ਮਾਰ ਜੀਵਾਲੇ'। 'ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ' 'ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ' ਆਦਿ ਸ਼ਬਦਾਂ ਨਾਲ ਸੁਆਮੀ ਜੀ ਨੇ ਆਪਣੇ ਵਖਿਆਨ ਦੀ ਵਿਆਖਿਆ ਕੀਤੀ।

**ਸੁਆਮੀ ਗਿਆਨ ਦੇਵ (ਮੁਖੀ 'ਨਿਰਮਲ ਮਹਾਂ ਮੰਡਲ ਕਨਖਲ', ਹਰਿਦੁਆਰ) ਨੇ ਸੰਸਕ੍ਰਿਤ ਵਿੱਚ ਗੁਰੂ ਨਾਨਕ ਦੇਵ ਜੀ ਦਾ ਮੰਗਲ ਕਰਕੇ ਕਿਹਾ- ਜੋ ਮਨ ਨਿਰਮਲ ਹੈ, ਹਿਰਦਾ ਨਿਰਮਲ ਹੈ ਉਸ ਵਿੱਚ ਹੀ ਗੁਰੂ ਨਾਨਕ ਦਾ ਨਿਵਾਸ ਹੋ ਸਕਦਾ ਹੈ। ਇਹ ਨਾਮਧਾਰੀ ਫੁਲਵਾੜੀ ਸਤਿਗੁਰੂ ਰਾਮ ਸਿੰਘ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਾਜੀ ਨਿਵਾਜੀ ਫੁਲਵਾੜੀ ਹੈ ਆਓ ਅਸੀਂ ਸਾਰੇ ਸਤਿਗੁਰੂ ਪ੍ਰਤਾਪ ਸਿੰਘ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਦੱਸੇ ਰਸਤੇ ਤੇ ਚੱਲੀਏ।**

**ਇੱਥੇ ਅਨੇਕਤਾ ਵਿੱਚ ਏਕਤਾ ਹੈ। ਗੁਰਬਾਣੀ ਸਾਡਾ ਜੀਵਨ ਆਧਾਰ ਹੈ। ਇਸ ਮੰਚ ਤੋਂ ਇਹ ਸੰਦੇਸ਼ ਜਾਂਦਾ ਹੈ ਕਿ ਅਸੀਂ ਸਭ ਸਤਿਗੁਰੂ ਨਾਨਕ ਦੇਵ ਜੀ ਦੀ**

**ਸੰਤਾਨ ਹਾਂ। ਸਤਿਗੁਰੂ ਉਦੇ ਸਿੰਘ ਜੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਹੀ ਸਰੂਪ ਹਨ।**

ਉਪਰੋਕਤ ਮਹਾਂਪੁਰਸ਼ਾਂ ਦੇ ਇਲਾਵਾ ਸ੍ਰੀ ਮਾਨ ਸੰਤ ਗੁਰਬਚਨ ਸਿੰਘ ਜੀ ਨਿਰਮਲ ਕੁਟੀਆ, ਬੱਦੋਂ (ਹੁਸ਼ਿਆਰਪੁਰ), ਸੰਤ ਸਾਹਿਬ ਸਿੰਘ ਸਮੁਰਾਏ (ਜਲੰਧਰ) ਤੇ ਸੰਤ ਸਹਿਜਦੀਪ ਸਿੰਘ ਜੀ ਨਿਰਮਲ ਵੇਦਾਂਤ ਨਿਕੇਤਨ (ਅੰਮ੍ਰਿਤਸਰ) ਵੀ ਸਟੇਜ ਉਪਰ ਸੁਸ਼ੋਭਤ ਸਨ।

**ਅੰਤ ਵਿੱਚ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਪ੍ਰਵਚਨ ਕਰਦਿਆਂ ਫੁਰਮਾਇਆ- ਅਸੀਂ ਅੱਜ ਆਪਣੇ ਧੰਨ ਭਾਗ ਸਮਝਦੇ ਹਾਂ ਕਿ ਸੰਤ ਪਰਾਹੁਣੇ ਸਾਡੇ ਘਰ ਆਏ ਨੇ।**

**ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ।**

**ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥**

**ਸਾਧੂ ਮਹਾਪੁਰਖਾਂ ਦੇ ਬਚਨ ਸੁਣ ਰਹੇ ਸਾਂ, ਇਵੇਂ ਸੀ ਜਿਵੇਂ ਅੰਮ੍ਰਿਤ ਵਰਖਾ ਹੋ ਰਹੀ ਸੀ- ਨਿਰਮਲ ਮਹਾਂ ਮੰਡਲ ਦੇ ਮੁਖੀ ਸੰਤ ਸੁਆਮੀ ਗਿਆਨ ਦੇਵ ਜੀ, ਸੰਤ ਇੰਦਰ ਜੀਤ ਸਿੰਘ ਜੀ, ਸੰਤ ਦਰਸ਼ਨ ਸਿੰਘ ਜੀ ਆਦਿ ਐਸੇ ਅਨੰਦ ਸਰੂਪ ਸਾਧੂਆਂ ਦੇ ਬਚਨ ਸੁਣ ਕੇ ਅਸੀਂ ਸ੍ਰੋਤੇ ਵੀ ਅਨੰਦ ਹੋ ਜਾਂਦੇ ਹਾਂ। ਏਥੇ ਆਏ ਸਾਰੇ ਸਾਧੂ-ਜਨ ਬੇਸ਼ਕ ਸਿੱਖ ਨਹੀਂ, ਪਰ ਅਸੀਂ ਸਾਰੇ ਹਿੰਦੂ, ਸਿੱਖ, ਮੁਸਲਮਾਨ ਗੁਰੂ ਨਾਨਕ ਦੇ ਫਲਸਫੇ ਤੇ ਹੀ ਚਲਦੇ ਹਾਂ। ਜਮਾਤ ਅਹਿਮਦੀਆ ਤੋਂ ਆਏ ਸ੍ਰੀ ਤਨਵੀਰ ਅਹਿਮਦ ਜੀ ਨੇ ਵੀ ਗੱਲ ਹੀ ਗੁਰਬਾਣੀ ਦੇ ਵਾਕ- 'ਬਿਸਰਿ ਗਈ ਸਭ ਤਾਤ ਪਰਾਈ' ਤੋਂ ਸ਼ੁਰੂ ਕੀਤੀ ਹੈ। ਸੰਤ ਦਰਸ਼ਨ ਸਿੰਘ ਸ਼ਾਸਤ੍ਰੀ ਜੀ ਆਏ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਮਨਾਉਂਦਿਆਂ ਤੁਹਾਨੂੰ ਬੁਲਾਉਣ ਦਾ ਉਦੇਸ਼ ਇਹੋ ਹੈ ਕਿ ਅਸੀਂ ਕੋਈ ਵੱਖਰੇ ਨਹੀਂ ਅਸੀਂ ਸਾਰੇ ਸਿੱਖੀ ਮਾਰਗ ਦੇ ਪਾਂਧੀ ਹਾਂ। ਸਿੱਖ ਪੰਥ ਦਾ ਸਭ ਤੋਂ ਵੱਡਾ ਸਿਧਾਂਤ ਹੈ 'ਸਾਂਝੀਵਾਲਤਾ' ਹੈ। ਵਖਰੇਵੇਂ 'ਮੈਂ' ਅਤੇ 'ਈਰਖਾ' ਨੇ ਪਾਏ ਹੋਏ ਹਨ। ਆਪਾਂ ਸਾਰੇ ਸਰਬੱਤ ਦਾ ਭਲਾ ਮੰਗਣ ਵਾਲੇ ਹਾਂ। ਸਾਡਾ ਸਭ ਦਾ ਕਰਮ ਇਹ ਹੈ ਕਿ ਇਸ ਮਨੁੱਖਾ ਜਨਮ ਵਿੱਚ ਪ੍ਰਮਾਤਮਾ ਦਾ ਨਾਮ ਜਪੀਏ। ਕਰਮ ਕਰਨਾ ਸਾਡਾ ਫਰਜ਼ ਹੈ ਪਰ ਬਖ਼ਸ਼ਿਸ਼ ਸਤਿਗੁਰੂ ਨੇ ਕਰਨੀ ਹੈ। ਅੱਜ ਕੋਈ ਰਾਸ਼ਟਰਵਾਦ ਦਾ ਠੇਕਾ ਲੈ ਕੇ ਬੈਠਾ ਹੈ, ਕੋਈ ਕਿਸੇ ਹੋਰ ਵਾਦ ਦਾ। ਅਸਾਂ ਸਭ ਵਾਦਾਂ ਤੋਂ ਉਪਰ ਉੱਠ ਕੇ ਸਭ ਨੂੰ ਪਿਆਰ ਕਰਨਾ ਹੈ।**

ਪ੍ਰਵਚਨ ਉਪਰੰਤ ਸਤਿਗੁਰੂ ਉਦੇ ਸਿੰਘ ਜੀ ਨੇ ਆਪ ਆਪਣੇ ਆਸਨ ਤੋਂ ਉੱਠ ਕੇ ਬਾਹਰੋਂ ਆਏ ਸਾਧੂ ਸੰਤਾਂ ਨੂੰ ਸਿਰਪਾਓ ਬਖਸ਼ੇ।

**ਨਾਮ ਸਿਮਰਨ ਤੇ ਸ਼ਬਦ ਕੀਰਤਨ**: ਇਕ ਘੰਟੇ ਦੇ ਨਾਮ ਸਿਮਰਨ ਉਪਰੰਤ ਸ਼ਬਦ ਕੀਰਤਨ ਪ੍ਰਾਰੰਭ ਹੋਇਆ। ਰਾਗੀ ਬਲਵੰਤ ਸਿੰਘ-ਸਰਮੁਖ ਸਿੰਘ-ਹਰਵਿੰਦਰ ਸਿੰਘ-ਸਤਨਾਮ ਸਿੰਘ (ਦਿਲਰੁਬਾ), ਈਸ਼ਰ ਸਿੰਘ (ਤਾਰਸ਼ਹਿਨਾਈ), ਸੁਰਜੀਤ ਸਿੰਘ (ਸਾਰੰਗੀ), ਹਰਪ੍ਰੀਤ ਸਿੰਘ (ਤਬਲਾ) ਸੰਤਾ ਸਿੰਘ, ਬਸੰਤ ਸਿੰਘ ਨੇ ਰਲ ਕੇ ਦੋ ਸ਼ਬਦ ਰਾਗ ਹਮੀਰ ਵਿੱਚ ਗਾਇਨ ਕੀਤੇ-

1. ਮਾਨੁ ਕਰੋ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ॥ —(ਗਿਆਰਾਂ ਮਾਤਰਾਂ ਦੇ ਤਾਲ ਵਿਚ)

2. ਸਤਿਗੁਰ ਮੂਰਤਿ ਕਉ ਬਲਿ ਜਾਉ॥

ਅੰਤਰਿ ਪਿਆਸ ਚਾਤ੍ਰਿਕ ਜਿਉ ਜਲ ਕੀ ਸਫਲੁ ਦਰਸਨੁ ਕਦਿ ਪਾਂਉ॥ — ('ਪੰਜਾਬੀ ਠੇਕਾ' ਤਾਲ ਵਿਚ)

**ਸ਼ਬਦ ਕੀਰਤਨ ਉਪਰੰਤ, ਸੇਵਕ ਹਰਪਾਲ ਸਿੰਘ ਮੰਚ ਤੋਂ ਸੰਬੋਧਿਤ ਹੋਏ:** ਸਤਿਕਾਰ ਯੋਗ ਸਾਧ ਸੰਗਤ ਜੀ- ਪੂਰੇ ਸਤਿਗੁਰੂ ਦੀ ਇਹੋ ਤਾਰੀਫ ਹੈ

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥

ਹਸੰਦਿਆਂ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥

ਸਤਿਗੁਰੂ ਜਗਜੀਤ ਸਿੰਘ ਜੀ ਨੇ ਕਿਰਪਾ ਕੀਤੀ ਕਿ ਨਾਮਧਾਰੀ ਸਿੱਖਾਂ ਤੋਂ ਨਾਮ ਜਪਵਾਇਆ, ਗੁਰਬਾਣੀ ਦੇ ਲੱਖਾਂ ਪਾਠ ਕਰਵਾਏ, ਸੰਗੀਤ ਦੇ, ਸਾਹਿਤ ਦੇ, ਖੇਤੀ, ਬਾਗਬਾਨੀ ਅਤੇ ਵਿਦਿਆ ਆਦਿ ਹਰ ਖੇਤਰ ਵਿੱਚ ਨਾਮਧਾਰੀ ਨੌਜੁਆਨਾਂ ਨੂੰ ਬੁਲੰਦੀਆਂ ਤੇ ਪਹੁੰਚਾਇਆ- ਜਿਵੇਂ ਹੁਣੇ ਅਨਾਊਂਸ ਹੋਇਆ ਹੈ ਕਿ ਅੱਜ ਰਾਤ ਨੂੰ 100 ਰਾਗੀ ਬੱਚਿਆਂ, ਨੌਜੁਆਨਾਂ, ਇਕੱਠਿਆਂ ਦਾ ਗਾਇਨ ਵਾਦਨ ਹੋਵੇਗਾ। ਜੇ ਰਾਗ ਦੀਆਂ ਸੱਤ ਸੁਰਾਂ ਹਨ ਤਾਂ ਇਨ੍ਹਾਂ ਰਾਗੀਆਂ ਪਾਸ ਸੱਤ ਤਰ੍ਹਾਂ ਦੇ ਤੰਤੀ ਸਾਜ ਹੋਣਗੇ। ਏਸੇ ਤਰ੍ਹਾਂ **ਗਰੀਬ ਨਿਵਾਜ ਦੀ ਕਿਰਪਾ ਸਦਕਾ ਹੋਰ ਖੇਤਰਾਂ ਦੀ ਤਰ੍ਹਾਂ ਨਾਮਧਾਰੀ ਨੌਜੁਆਨਾਂ ਨੇ ਖੇਡਾਂ ਦੇ ਖੇਤਰ ਵਿੱਚ ਵੀ ਸਿੱਖੀ ਸਰੂਪ ਨੂੰ ਪ੍ਰਚਾਇਆ ਅਤੇ ਬੁਲੰਦੀਆਂ ਤੇ ਪਹੁੰਚਾਇਆ- ਸਾਲ 2021 ਦਾ ਹੋਲਾ ਮਹੱਲਾ ਵੀ ਨਾਮਧਾਰੀ ਹਾਕੀ ਟੀਮ ਦੇ ਖਿਡਾਰੀਆਂ ਵਲੋਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰਕਾਸ਼ ਸ਼ਤਾਬਦੀ ਨੂੰ ਸਮਰਪਿਤ ਕਰਵਾਇਆ ਜਾ ਰਿਹਾ ਹੈ। ਕੇਵਲ ਇਕ ਸੌ ਨਹੀਂ, ਸੈਂਕੜੇ ਹੀ ਨਾਮਧਾਰੀ**

**ਨੌਜੁਆਨ ਹਨ ਜਿਨਾਂ ਦਾ ਕੈਰੀਅਰ ਹਾਕੀ ਦੀ ਗੇਮ ਕਰਕੇ ਬਣਿਆ ਹੈ। ਕੁਝ ਖਿਡਾਰੀਆਂ- ਅਨਮੋਲਕ ਸਿੰਘ ਅਤੇ ਸ਼ੇਰ ਸਿੰਘ ਦੇ ਨਾਲ ਨੌਜੁਆਨ ਲੇਖਕ ਭਜਨ ਸਿੰਘ, ਗੁਰਲਾਲ ਸਿੰਘ ਅਤੇ ਜਸਵੰਤ ਸਿੰਘ ਮਸਤ ਦੇ ਉੱਦਮ ਨਾਲ ਇਕ ਸੋਵੀਨੀਅਰ 'ਸਿੱਖੀ ਸਰੂਪ ਵਿੱਚ-ਨਾਮਧਾਰੀ ਹਾਕੀ' ਤਿਆਰ ਕੀਤਾ ਹੈ। ਇਸ ਕੌਫੀ ਟੇਬਲ ਬੁੱਕ ਟਾਈਪ ਸੋਵੀਨੀਅਰ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਮਹਾਨ ਬਖਸ਼ਿਸ਼ ਨਾਮਧਾਰੀ ਹਾਕੀ XI ਦਾ ਵਿਸਤ੍ਰਿਤ ਇਤਿਹਾਸ ਅਤੇ ਤਸਵੀਰਾਂ ਆਪ ਨੂੰ ਵੇਖਣ ਨੂੰ ਮਿਲਨਗੀਆਂ-** ਲੇਖਕ ਨੌਜੁਆਨਾਂ ਦੀ ਮਹੀਨਿਆਂ ਦੀ ਮੇਹਨਤ ਅਤੇ ਸੂਰਤ ਸਿੰਘ ਵਲੋਂ ਤਸਵੀਰਾਂ ਦੀ ਕੁਲੈਕਸ਼ਨ ਕੀਤੀ ਗਈ। ਬੰਤਾ ਸਿੰਘ ਨੇ ਮਹੀਨਾ ਭਰ ਮੇਹਨਤ ਕਰਕੇ ਵਧੀਆ ਡਿਜ਼ਾਈਨਿੰਗ ਕੀਤੀ- ਇਸਦੇ ਨਾਲ ਹੀ ਏਨਾਂ ਲੇਖਾਂ ਦੀ ਇਕ ਪੁਸਤਕ ਵੀ ਤਿਆਰ ਹੋਈ ਹੈ। ਇਸ ਸ਼ੁਭ ਕਾਰਜ ਲਈ ਹਾਕੀ ਖਿਡਾਰੀ ਅਤੇ ਨੌਜੁਆਨ ਲੇਖਕ ਵਧਾਈ ਦੇ ਪਾਤਰ ਹਨ। ਉਪਰੰਤ ਸ੍ਰੀ ਸਤਿਗੁਰੂ ਜੀ ਨੇ ਕਰ-ਕੰਵਲਾਂ ਦੁਆਰਾ ਨਾਮਧਾਰੀ ਹਾਕੀ ਟੀਮ ਦੇ ਇਤਿਹਾਸ ਨੂੰ ਬਿਆਨ ਕਰਦੀ ਇਹ ਸਚਿੱਤਰ ਐਲਬਮ ਅਤੇ ਇਕ ਵਾਰਤਕ ਪੁਸਤਕ ਰਿਲੀਜ਼ ਕਰਨ ਦੀ ਕਿਰਪਾ ਕੀਤੀ।

**ਸ਼ਾਮ ਦਾ ਪ੍ਰੋਗਰਾਮ: ਅੱਜ ਦੀ ਸ਼ਾਮ ਨਾਮਧਾਰੀ ਸੰਗੀਤ-ਕਲਾਕਾਰਾਂ ਤੇ ਰਾਗੀਆਂ ਨੇ ਇਕ ਨਿਵੇਕਲਾ ਤੇ ਸਮੂਹਿਕ ਸੰਗੀਤ-ਪ੍ਰੋਗਰਾਮ ਪੇਸ਼ ਕੀਤਾ ਜਿਸ ਦਾ ਆਗਾਜ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਆਪਣੇ ਕਰ-ਕੰਵਲਾਂ ਨਾਲ ਇਕ ਦਿਲਰੁਬਾ ਸਾਜ਼ ਉਪਰ ਗਜ਼ ਫੇਰ ਕੇ ਕੀਤਾ।** ਉਸਤਾਦ ਹਰਭਜਨ ਸਿੰਘ, ਸੁਰਜੀਤ ਸਿੰਘ ਸਾਰੰਗੀ, ਰਾਗੀ ਹਰਬੰਸ ਸਿੰਘ ਘੁੱਲਾ ਤੇ ਬਲਵੰਤ ਸਿੰਘ ਦਿਲਰੁਬਾ ਸਹਿਤ ਸ੍ਰੀ ਸਤਿਗੁਰੂ ਜੀ ਦੇ ਆਸ-ਪਾਸ ਬੈਠੇ ਸਨ।

**ਇਸ ਸਮੇਂ 100 ਤੋਂ ਵੱਧ ਨਾਮਧਾਰੀ ਸੰਗੀਤਕਾਰਾਂ ਤੇ ਰਾਗੀਆਂ ਵੱਲੋਂ ਇਕੱਠਾ ਸ਼ਬਦ-ਗਾਇਨ ਕੀਤਾ ਗਿਆ ਜਿਹਦੇ ਵਿੱਚ ਦਿਲਰੁਬਾ, ਤਾਊਸ, ਤਾਰ ਸ਼ਹਿਨਾਈ, ਬੰਸਰੀ, ਸਰੋਦ, ਸੰਤੂਰ, ਸਾਰੰਗੀ ਆਦਿ ਤੰਤੀ ਸਾਜਾਂ ਅਤੇ 28 ਜੋੜੀਆਂ ਤਬਲੇ ਦੀਆਂ ਤੇ ਮਿਰਦੰਗ ਆਦਿਕ ਦਾ ਆਰਕੈਸਟਰਾ-ਵਾਦਨ ਵੀ ਪੇਸ਼ ਕੀਤਾ ਗਿਆ। ਸਭ ਤੋਂ ਪਹਿਲਾਂ ਸ਼ਬਦ 'ਗੁਰ ਜੈਸਾ ਨਾਹੀ ਕੋ ਦੇਵ॥ ਜਿਸ ਮਸਤਕ ਭਾਗ ਸੁ ਲਾਗਾ ਸੇਵ॥' ਗਾਇਨ ਕੀਤਾ ਗਿਆ। ਉਪਰੰਤ, ਹਰਪਾਲ ਸਿੰਘ ਸੋਧੀ (ਦਿੱਲੀ) ਦੁਆਰਾ ਲਿਖਿਆ ਗੀਤ- 'ਪ੍ਰਕਾਸ਼ ਸਦੀ ਜਗਜੀਤ ਗੁਰੂ ਦੀ ਰਲ ਕੇ ਆਉ ਮਨਾਈਏ। ਉਪਮਾ ਹੈ ਬੇਅੰਤ ਗੁਰੂ ਦੀ ਸਾਰੇ ਰਲ ਮਿਲ ਗਾਈਏ।' ਗਾਇਨ ਕੀਤਾ ਗਿਆ।** ਇਸ ਅਪੂਰਵ ਪੇਸ਼ਕਾਰੀ ਉਪਰੰਤ, ਸਾਰੇ ਸੰਗੀਤਕਾਰਾਂ ਨੇ ਸ੍ਰੀ ਸਤਿਗੁਰੂ ਜੀ ਦੇ ਸੰਗ ਇਕ ਗਰੁੱਪ ਫੋਟੋ ਵੀ ਖਿੱਚਵਾਈ।

**ਚਿੱਤਰਕਾਰ ਗੁਰਪ੍ਰੀਤ ਸਿੰਘ ਬਠਿੰਡਾ**: ਅੱਜ ਸ਼ਾਮ ਦੇ ਵਿਸ਼ੇਸ਼ ਆਕਰਸ਼ਨ ਸ੍ਰ. ਗੁਰਪ੍ਰੀਤ ਸਿੰਘ ਆਰਟਿਸਟ (ਬਠਿੰਡਾ) ਦੁਆਰਾ ਲਾਈਵ ਪੇਂਟਿੰਗ ਦੇ ਜਾਦੂ ਤੋਂ ਪਹਿਲਾ ਇਕ ਡਾਕੂਮੈਂਟਰੀ 'ਬਲਿਹਾਰੀ ਕੁਦਰਤਿ ਵਸਿਆ' ਦਾ ਟਰੇਲਰ ਸਕਰੀਨ ਤੇ ਵਿਖਾ ਕੇ ਰਿਲੀਜ਼ ਕੀਤੀ ਗਈ। ਮੰਚ ਤੋਂ ਇਸ ਡਾਕੂਮੈਂਟਰੀ ਬਾਰੇ ਸੇਵਕ ਹਰਪਾਲ ਸਿੰਘ ਨੇ ਦੱਸਿਆ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ 1998 ਈ. ਦੇ ਕੈਲਗਰੀ (ਕੈਨੇਡਾ) ਦੌਰੇ ਦੀ ਜਸਪਿੰਦਰ ਸਿੰਘ ਨਿਓਟੇ ਦੁਆਰਾ ਰਿਕਾਰਡ ਕੀਤੀ ਇਤਿਹਾਸਕ ਵੀਡੀਓ ਦੀ ਐਡਿਟਿੰਗ ਕੀਤੀ ਹੈ ਸੰਤੋਖ ਸਿੰਘ ਲੱਡੀ ਨੇ ਅਤੇ ਸਾਹਿਤਕ ਕੁਮੈਂਟਰੀ ਸ੍ਰ. ਅਜੀਤ ਸਿੰਘ ਲਾਇਲ ਦੁਆਰਾ ਕੀਤੀ ਗਈ ਹੈ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਇਹ ਡਾਕੂਮੈਂਟਰੀ ਰਿਲੀਜ਼ ਕੀਤੀ ਅਤੇ ਮੰਚ ਤੋਂ ਦੱਸਿਆ ਗਿਆ ਕਿ ਇਹ ਡਾਕੂਮੈਂਟਰੀ ਯੂ-ਟਿਊਬ ਤੋਂ ਸੰਗਤਾਂ ਵੇਖ ਸੁਣ ਸੱਕਣਗੀਆਂ।

ਉਪਰੰਤ ਸ੍ਰ. ਗੁਰਪ੍ਰੀਤ ਸਿੰਘ ਜੀ ਮੰਚ ਤੇ ਹਾਜ਼ਰ ਹੋਏ। ਸੰਗਤਾਂ ਨੇ ਭਰਪੂਰ ਤਾੜੀਆਂ ਨਾਲ ਕਲਾਕਾਰ ਦਾ ਸੁਆਗਤ ਕੀਤਾ। ਸੇਵਕ ਜੀ ਨੇ ਸੰਗਤਾਂ ਨੂੰ ਦੱਸਿਆ ਕਿ ਗੁਰਪ੍ਰੀਤ ਸਿੰਘ ਜੀ ਅੱਜ ਦੂਸਰੀ ਵੇਰ ਸ੍ਰੀ ਭੈਣੀ ਸਾਹਿਬ ਸਤਿਗੁਰੂ ਜੀ ਦੇ ਦਰਬਾਰ ਵਿੱਚ ਹਾਜ਼ਰ ਹੋਏ ਹਨ। ਆਪ ਸਾਹਿਤ, ਸੰਗੀਤ ਕਲਾ ਅਤੇ ਕੁਦਰਤ ਨਾਲ ਦਿਲੋਂ ਜੁੜੇ ਹੋਏ ਹਨ ਅਤੇ ਪੇਂਟਿੰਗ ਦੇ ਨਾਲ-ਨਾਲ ਫੋਟੋਗ੍ਰਾਫੀ ਵਿੱਚ ਵੀ ਉਨ੍ਹਾਂ ਕਈ ਅਵਾਰਡ ਜਿੱਤੇ ਹਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸੰਗੀਤ ਦੇ ਤਾਂ ਗੁਰਪ੍ਰੀਤ ਜੀ ਦੀਵਾਨੇ ਹਨ-

ਸ੍ਰ. ਗੁਰਪ੍ਰੀਤ ਸਿੰਘ ਲਾਈਵ ਪੇਂਟਿੰਗ ਤੋਂ ਪਹਿਲੋਂ ਕੁਝ ਪ੍ਰੇਮ-ਰਸ ਪਰੁੱਚੇ ਸ਼ਬਦਾਂ ਨਾਲ ਸੰਗਤਾਂ ਦੇ ਰੂਬਰੂ ਹੋਏ। ਆਪ ਦੇ ਬੋਲ ਸ਼ਬਦ-ਬ-ਸ਼ਬਦ ਹਨ:

ਸਾਧ ਸੰਗਤ ਜੀ, ਆਪ ਸਭ ਨੂੰ ਪਿਆਰ ਤੇ ਸਤਿਕਾਰ ਸਹਿਤ ਸਤਿ ਸ੍ਰੀ ਅਕਾਲ। ਸਤਿਗੁਰਾਂ ਦੇ ਚਰਨਾਂ 'ਚ ਨਮਨ। ਜਿਵੇਂ ਕੁਝ ਦੇਰ ਪਹਿਲੋਂ ਮੈਂ ਬਲਵੰਤ ਜੀ ਅਤੇ ਸਾਥੀਆਂ ਦਾ ਸੰਗੀਤ ਸੁਣਦਿਆਂ ਵਿਸਮਾਦ ਅਵਸਥਾ 'ਚ ਪੁੱਜ ਚੁੱਕਾ ਸੀ। ਮੈਨੂੰ ਆ ਕੇ ਗੁਰਲਾਲ ਸਿੰਘ ਨੇ ਹਿਲਾ ਕੇ

ਸੁੰਨ-ਅਵਸਥਾ ਚੋਂ ਵਾਪਸ ਲਿਆਂਦਾ।

ਮੇਰਾ ਇਕ ਦੋਸਤ ਹੈ ਅਮਰਦੀਪ ਗਿੱਲ ਬੰਬੇ ਫਿਲਮ ਇੰਡਸਟਰੀ 'ਚ ਡਾਇਰੈਕਟਰ ਹੈ, ਅਸੀਂ ਦੋਵੇ ਇਕ ਵੇਰ ਦਰਸ਼ਨ ਕਰਨ ਮੁਕਤਸਰ ਗਏ। ਉਥੇ ਸੰਗੀਤ ਚਲ ਰਿਹਾ ਸੀ। ਮੈਂ ਉਨ੍ਹਾਂ ਨਾਲ ਅਫਸੋਸ ਜ਼ਾਹਰ ਕੀਤਾ ਕਿ ਦੁਨੀਆਂ ਦਾ ਇੱਕੋ-ਇੱਕ ਧਰਮ ਹੈ 'ਸਿੱਖ ਧਰਮ' ਜਿਸਦੇ 'ਧਰਮ ਗ੍ਰੰਥ' ਦੇ ਸਾਰੇ ਸ਼ਬਦ ਰਾਗਾਂ ਵਿੱਚ ਹਨ ਪਹਿਲਾਂ ਰਾਗ ਦਾ ਨਾਮ ਹੈ ਫੇਰ ਮਹਲਾ ਅਤੇ ਫੇਰ ਸ਼ਬਦ ਲਿਖਿਆ ਹੈ ਅਤੇ ਕਿੰਨੇ ਅਫ਼ਸੋਸ ਦੀ ਗਲ ਹੈ ਕਿ ਅੱਜ ਸਭ ਤੋਂ ਬੇਸੁਰੇ ਸਿੰਗਰ ਪੰਜਾਬ ਵਿੱਚ ਹੀ ਸੁਣਨ ਨੂੰ ਮਿਲਦੇ ਹਨ। ਪਰ ਜਦੋਂ ਮੈਂ ਸ੍ਰੀ ਸਤਿਗੁਰੂ ਜੀ ਦੇ ਦਰਬਾਰ ਵਿੱਚ ਸ੍ਰੀ ਭੈਣੀ ਸਾਹਿਬ ਆਉਂਦਾ ਹਾਂ ਜਾਂ ਯੂ-ਟਿਊਬ ਤੇ ਨਾਮਧਾਰੀ ਰਾਗੀਆਂ ਦਾ ਕੀਰਤਨ ਸੁਣਦਾ ਹਾਂ ਤਾਂ ਏਥੋਂ ਹੀ ਤਸੱਲੀ ਹੁੰਦੀ ਹੈ ਕਿ ਸਿੱਖੀ ਵਿੱਚ ਸੰਗੀਤ ਮਰਿਆ ਨਹੀਂ ਸਗੋਂ ਸਿੱਖੀ ਵਿੱਚ ਸੰਗੀਤ ਕੇਵਲ ਜਿਉਂਦਾ ਹੀ ਨਹੀਂ, ਬੁਲੰਦੀਆਂ ਤੇ ਪੁੱਜ ਚੁੱਕਾ ਹੈ। **ਮੈਂ ਪਿਛਲੇ ਕਾਫ਼ੀ ਸਮੇਂ ਤੋਂ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਪੜ੍ਹ ਰਿਹਾ ਹਾਂ, ਯੂ-ਟਿਊਬ ਤੋਂ ਸਤਿਗੁਰੂ ਜਗਜੀਤ ਸਿੰਘ ਜੀ ਦਾ ਕੀਰਤਨ ਸੁਣ ਰਿਹਾ ਹਾਂ। ਮੈਂ ਸ੍ਰੀ ਸਤਿਗੁਰੂ ਜੀ ਨੂੰ ਦਸ ਰਿਹਾ ਸੀ ਕਿ ਪਹਿਲੋਂ ਮੈਂ ਪੇਂਟਿੰਗ ਬਣਾਉਂਦਿਆਂ ਉਸਤਾਦ ਗੁਲਾਮ ਅਲੀ ਜੀ ਜਾਂ ਮੈਂਹਦੀ ਹਸਨ ਨੂੰ ਸੁਣਦਾ ਸੀ ਪਰ ਹੁਣ ਮੈਂ ਹਮੇਸ਼ਾਂ ਸਤਿਗੁਰੂ ਜਗਜੀਤ ਸਿੰਘ ਜੀ ਦਾ ਸੰਗੀਤ ਸੁਣਦਾ ਹਾਂ। ਇਕ ਟਰੈਕ ਜਿਸ ਵਿੱਚ ਸਤਿਗੁਰੂ ਜੀ ਦਿਲਰੁਬਾ ਤੇ ਤਰਬਵਾਦਨ ਕਰਦੇ ਹਨ ਕਰੀਬ ਡੇਢ ਕੁ ਸੌ ਵਾਰ ਸੁਣ ਚੁੱਕਿਆ ਹਾਂ। ਬਹੁਤ ਖੁਸ਼ੀ ਹੁੰਦੀ ਹੈ ਕਿ ਜੋ ਸੰਗੀਤ ਸਤਿਗੁਰੂ ਜਗਜੀਤ ਸਿੰਘ ਜੀ ਦੇਸਮੇਂ ਉਚਾਈਆਂ ਤੇ ਸੀ ਹੁਣ ਸਤਿਗੁਰੂ ਉਦੇ ਸਿੰਘ ਜੀ ਦੀ ਰਹਿਨੁਮਾਈ ਹੇਠ ਹੋਰ ਸਿਖਰਾਂ ਵੱਲ ਵੱਧ ਰਿਹਾ ਹੈ।**

ਗੁਰਪ੍ਰੀਤ ਜੀ ਦੀ ਬੇਨਤੀ ਤੇ ਸ੍ਰੀ ਸਤਿਗੁਰੂ ਜੀ ਨੇ ਕੈਨਵਸ ਤੇ ਬੁਰਸ਼ ਨਾਲ ਅਰੰਭ ਕੀਤਾ ਅਤੇ ਗੁਰਪ੍ਰੀਤ ਜੀ ਨੇ ਬਿਨਾਂ ਬੁਰਸ਼ ਹੱਥਾਂ ਨਾਲ ਹੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪੇਂਟਿੰਗ ਅਰੰਭ ਕੀਤੀ ਅਤੇ ਨਾਲ ਅਜੀਤ ਸਿੰਘ ਲਾਇਲ ਜੀ ਦੀ ਲਿਖੀ ਨਜ਼ਮ-

'ਰਾਤੀਂ ਸੌਣ ਤੋਂ ਪਹਿਲੋਂ ਤੁਸਾਂ ਨੂੰ ਯਾਦ ਕੀਤਾ ਸੀ।
ਖਵਾਬਾਂ ਵਿੱਚ ਔਣੇ ਦਾ ਤੁਸਾਂ ਇਕਰਾਰ ਕੀਤਾ ਸੀ।

ਹਜ਼ੂਰੀ ਰਾਗੀ ਸ੍ਰੀ ਬਲਵੰਤ ਜੀ ਦੀ ਰਸ-ਭਿੰਨੀ ਅਵਾਜ਼ ਵਿੱਚ ਗਾਇਨ ਕੀਤੇ ਦਾ ਬੈਕ-ਗਰਾਉਂਡ ਮਿਊਜ਼ਿਕ ਸੁਣ ਰਿਹਾ ਸੀ। ਕੈਨਵਸ ਤੇ ਜਿਉਂ ਹੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਗੁਲਾਬ ਵਾਂਗ ਖਿੜਿਆ ਮੁੱਖ ਮੰਡਲ ਪ੍ਰਗਟ ਹੋਇਆ ਤਾਂ ਸੰਗਤਾਂ ਦੀਆਂ ਤਾੜੀਆਂ ਨਾਲ ਪੰਡਾਲ ਗੂੰਜ ਉਠਿਆ। ਮੁੱਖ ਮਸਤਕ ਦੇ ਸਾਹਮਣੇ ਮੋਰ-ਮੁੱਖ ਵਾਲਾ ਤਾਊਸ਼ ਅਤੇ ਤਾਊਸ਼ ਦੀਆਂ ਤਾਰਾਂ ਚੋਂ ਉਪਜਦੀਆਂ ਤਰੰਗਾਂ ਚੋਂ '੧ੴ, ਦੀ ਧੁਨੀ; ਤਸਵੀਰ ਬੇਸ ਤੇ ਹਰਿਆਵਲ 'ਹਰਿ ਕਾ ਨਾਮੁ ਧਿਆਇ ਕੈ ਹੋਹੁ ਹਰਿਆ ਭਾਈ॥ ' ਗੁਰਵਾਕ ਦੀ ਵਿਆਖਿਆ ਜਾਪ ਰਹੀ ਸੀ ਅਤੇ ਸ਼ਤਾਬਦੀ ਨੂੰ ਸਮਰਪਿਤ ਗੁਰਮੁਖੀ ਅੰਕਾਂ ਵਿੱਚ ਲਿਖਿਆ ੧੦੦ ਇਹ ਸਭ ਕੁਝ ਇਕ ਮਨਮੋਹਕ ਕਲਾ-ਕ੍ਰਿਤੀ ਸੁਘੜ ਕਲਾਕਾਰ ਨੇ ਕੁਝ ਮਿੰਟਾਂ ਵਿੱਚ ਹੀ ਕੈਨਵਸ ਤੇ ਰੂਪਮਾਨ ਕਰਕੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰਥਮ ਪ੍ਰਕਾਸ਼ ਸ਼ਤਾਬਦੀ ਨੂੰ ਸਮਰਪਿਤ ਕੀਤੀ ਸੰਗਤ ਨੇ ਭਰਪੂਰ ਤਾੜੀਆਂ ਅਤੇ ਖੁਸ਼ੀ ਦੇ ਜੈਕਾਰਿਆਂ ਨਾਲ ਕਲਾਕਾਰ ਦਾ ਅਭਿਨੰਦਨ ਕੀਤਾ- ਉਪਰੰਤ ਗੁਰਪ੍ਰੀਤ ਜੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਤਾਊਸ਼ ਵਜਾਉਂਦਿਆਂ ਦੀ ਇਕ ਪੇਂਟਿੰਗ ਸ੍ਰੀ ਸਤਿਗੁਰੂ ਜੀ ਨੂੰ ਅਰਪਿਤ ਕੀਤੀ ਅਤੇ ਸ੍ਰੀ ਸਤਿਗੁਰੂ ਜੀ ਨੇ ਸਿਰੋਪਾਓ ਬਖਸ਼ ਕੇ ਗੁਰਪ੍ਰੀਤ ਜੀ ਨੂੰ ਨਿਵਾਜਿਆ। ਗੁਰਪ੍ਰੀਤ ਜੀ ਨਾਲ ਆਪ ਜੀ ਦੀ ਜੀਵਨ ਸਾਥਨ ਬੀਬੀ ਗ਼ਜ਼ਲ, ਬੇਟੀ ਸਰਗਮ, ਬੇਟਾ ਕੰਵਰ ਜੈ ਸਿੰਘ ਅਤੇ ਆਪ ਦੇ ਮਿੱਤਰ ਮਿਥੁਨ ਮੰਡਲ ਨੇ ਵੀ ਸਤਿਗੁਰੂ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ।

**੧੫ ਮੱਘਰ, 29 ਨਵੰਬਰ 2020, ਐਤਵਾਰ**

**ਆਸਾ ਦੀ ਵਾਰ** ਸੰਤ ਹਰਬੰਸ ਸਿੰਘ ਘੁੱਲਾ-ਸਰਮੁਖ ਸਿੰਘ- ਸਤਨਾਮ ਸਿੰਘ ਦਿਲਰੁਬਾ, ਈਸ਼ਰ ਸਿੰਘ ਤਾਰਸ਼ਹਿਨਾਈ, ਅਜੇਪਾਲ ਸਿੰਘ ਤਬਲਾ ਦੇ ਜਥੇ ਦੁਆਰਾ ਗਾਇਨ ਕੀਤੀ ਗਈ। ਆਸਾ ਦੀ ਵਾਰ ਦੇ ਭੋਗ ਉਪਰੰਤ-

**ਸੰਤ ਗੁਰਬਚਨ ਸਿੰਘ (ਮੋਹਾਲੀ)** ਜੀ ਨੇ ਆਪਣੇ ਵਖਿਆਣ ਰਾਹੀਂ ਬਿਆਨ ਕੀਤਾ ਕਿ ਸਤਿਗੁਰੂ ਜਗਜੀਤ ਸਿੰਘ ਜੀ ਸਾਰੇ ਜ਼ਮਾਨੇ ਦਾ ਦਰਦ ਆਪਣੇ ਹਿਰਦੇ ਵਿੱਚ ਸਮੋਈ ਰੱਖਦੇ ਸਨ, ਉਹਨਾਂ ਨੇ ਕਿਸੇ ਤਰ੍ਹਾਂ ਦਾ ਵੀ ਕਿਸੇ ਨਾਲ ਕੋਈ ਭੇਦ ਭਾਵ ਨਹੀਂ ਰੱਖਿਆ। **1967 ਈ. ਵਿੱਚ ਸੰਸਾਰ ਅਮਨ ਕਾਨਫਰੰਸ ਦਿੱਲੀ ਵਿਖੇ ਆਯੋਜਿਤ ਕੀਤੀ ਗਈ ਸੀ ਉਥੇ ਸ੍ਰੀ ਸਤਿਗੁਰੂ ਜੀ ਨੇ ਫੁਰਮਾਇਆ ਸੀ- "ਮੈਂ ਸੁਣਿਐ ਸਾਰੇ ਵਿਦਵਾਨ ਵਿਸ਼ਵ ਭਰ ਵਿੱਚ ਜੰਗ ਦੇ ਡਰ ਤੋਂ ਚਿੰਤਤ ਹਨ। ਸੰਸਾਰ ਵਿੱਚ ਅਸ਼ਾਂਤੀ ਸਾਡੇ ਹੀ ਮਨਾਂ ਦੇ ਵਿਸਥਾਰਵਾਦ ਤੋਂ ਉਪਜੀ ਹੈ। ਜੇ ਸ਼ਾਂਤੀ ਦੀ ਸਥਾਪਨਾ ਕਰਨੀ ਹੈ ਤਾਂ ਮਨੁੱਖ ਦੀ ਸੋਚ ਬਦਲਨੀ ਪਵੇਗੀ, ਲੋਭ ਅਤੇ ਸਵਾਰਥ ਹੀ ਸਾਰੇ ਝਗੜਿਆਂ ਦਾ ਮੂਲ ਹੈ। ਸੰਤੋਖ**

**ਅਤੇ ਪਰਉਪਕਾਰ ਦੇ ਧਾਰਣੀ ਬਨਣ ਨਾਲ ਹੀ ਅਮਨ ਬਹਾਲ ਹੋ ਸਕਦਾ ਹੈ।"** ਸਤਿਗੁਰਾਂ ਦੀ ਸੋਚ ਸਰਬਪੱਖੀ ਸੀ। ਆਪ ਨੇ ਸਭ ਨਾਲ ਪਿਆਰ ਕੀਤਾ। ਸ੍ਰੀ ਜੀਵਨ ਨਗਰ ਵਿਖੇ ਹੋਏ ਵਿਦਿਅਕ ਸੰਮੇਲਨ ਸਮੇਂ ਕਿਸੇ ਨੇ ਇਤਰਾਜ਼ ਪ੍ਰਗਟ ਕੀਤਾ ਕਿ ਤੁਸੀਂ ਕਾਮਰੇਡਾਂ ਨਾਲ ਕਿਉਂ ਸਬੰਧ ਰੱਖਦੇ ਹੋ। ਸਤਿਗੁਰਾਂ ਨੇ ਜਵਾਬ ਦਿੱਤਾ- ਜੇ ਮੇਰੇ ਘਰ ਵਿੱਚ ਅੱਗ ਲੱਗੀ ਹੋਵੇ ਤੇ ਕਾਮਰੇਡ ਪਾਣੀ ਦੀਆਂ ਬਾਲਟੀਆਂ ਲੈ ਕੇ ਅੱਗ ਬੁਝਾਉਣ ਆ ਜਾਣ ਤਾਂ ਕੀ ਮੈਂ ਉਹਨਾਂ ਨੂੰ ਅਜਿਹਾ ਕਰਨੋ ਮਨ੍ਹਾਂ ਕਰ ਦੇਵਾਂ। ਸ੍ਰੀ ਸਤਿਗੁਰੂ ਜੀ ਫੁਰਮਾਇਆ ਕਰਦੇ ਸਨ ਕਿ ਅਸੀਂ ਹੋਰ ਜੋ ਕੁਝ ਵੀ ਬਣ ਜਾਈਏ ਪਰ ਸਾਨੂੰ ਸਭ ਤੋਂ ਪਹਿਲਾਂ ਚੰਗੇ ਸਿੱਖ, ਵਧੀਆ ਇਨਸਾਨ ਬਣਨਾ ਚਾਹੀਦਾ ਹੈ ਅਤੇ ਆਪਸੀ ਖਿੱਚੋਤਾਣ ਤੇ ਵਿਰੋਧਾਂ ਨੂੰ ਖ਼ਤਮ ਕਰਨਾ ਚਾਹੀਦਾ ਹੈ।

**ਵਾਰਾਂ ਦੀਆਂ ਧੁਨੀਆਂ ਦੀ ਵੀਡੀਓ ਰਿਲੀਜ਼- ਰਾਗੀ ਬਲਵੰਤ ਸਿੰਘ ਨੇ ਸੰਗਤ ਨੂੰ ਸੰਬੋਧਨ ਹੁੰਦਿਆਂ ਦੱਸਿਆ ਕਿ ਸਤਿਗੁਰੂ ਜਗਜੀਤ ਸਿੰਘ ਜੀ ਗੁਰਬਾਣੀ ਗਾਇਨ ਦੀਆਂ ਲੁਪਤ ਹੋ ਚੁੱਕੀਆਂ ਰੀਤਾਂ ਦੇ ਸੰਰਕਸ਼ਕ ਬਣੇ।** ਪੁਰਾਤਨ ਰੀਤ ਸੀ ਕਿ ਆਸਾ ਦੀ ਵਾਰ ਜਾਂ ਗੁਰਬਾਣੀ ਕੀਰਤਨ ਤੰਤੀ ਸਾਜ਼ਾਂ ਨਾਲ ਗਾਇਨ ਕਰਨਾ 'ਤੇ ਪੁਰਾਤਨ ਸ਼ੈਲੀ ਵਿੱਚ ਗਾਇਨ ਕਰਨਾ। ਸਤਿਗੁਰੂ ਜੀ ਦੀ ਇੱਛਾ ਸੀ ਕਿ ਓਸੇ ਤਰ੍ਹਾਂ ਹੀ ਉਹਨਾਂ ਰੀਤਾਂ ਦਾ ਗਾਇਨ ਹੋਵੇ, ਸਤਿਗੁਰੂ ਜੀ ਨੇ ਕਿਰਪਾ ਕਰਕੇ ਕਈ ਪੁਰਾਤਨ ਤੇ ਲੁਪਤ ਹੋ ਚੁੱਕੇ ਸਾਜ਼ ਕੀਰਤਨ ਵਿੱਚ ਮੁੜ ਵਾਪਸ ਲਿਆਂਦੇ। ਆਪ ਜੀ ਨੇ ਤੰਤੀ ਸਾਜ਼ਾਂ ਨਾਲ ਕੀਰਤਨ ਸ਼ੁਰੂ ਕੀਤਾ। ਕਈ ਪੁਰਾਤਨ ਗੁਰਬਾਣੀ ਦੇ ਰਾਗ ਸਨ ਜੋ ਨਹੀਂ ਗਾਏ-ਵਜਾਏ ਜਾਂਦੇ ਸਨ ਜਿਵੇਂ ਕਿ ਰਾਗ ਸੂਹੀ, ਗੌਂਡ, ਮਾਝ, ਤੁਖਾਰੀ ਆਦਿ। ਇਨ੍ਹਾਂ ਰਾਗਾਂ ਦੀਆਂ ਰੀਤਾਂ ਸੁਨਣ ਨੂੰ ਨਹੀਂ ਸਨ ਮਿਲਦੀਆਂ। ਉਹ ਪੁਰਾਤਨ ਰੀਤਾਂ ਜੋ ਆਪ ਜੀ ਨੇ ਸਿੱਖੀਆਂ ਸਨ, ਸਾਨੂੰ ਵੀ ਸਿਖਾਈਆਂ। ਰਾਜਨ ਮਿਸ਼ਰਾ ਜੀ ਦੇ ਬੱਚਿਆਂ ਨੂੰ ਇੱਥੇ ਸੱਦਿਆ ਤੇ ਉਹਨਾਂ ਨੂੰ ਵੀ ਉਹ ਰੀਤਾਂ ਸਿਖਾਈਆਂ। ਬੈਠਕਾਂ ਕਰ ਕਰਕੇ ਉਹ ਰਾਗਾਂ ਦੀਆਂ ਪੁਰਾਤਨ ਰੀਤਾਂ, ਖ਼ਿਆਲ ਬਣਾ ਕੇ ਉਹਨਾਂ ਨੂੰ ਸੁਣਾਏ ਤਾਂ ਜੁ ਉਹ ਸਾਂਭੇ ਰਹਿ ਸੱਕਣ। ਗੁਰੂ ਅਰਜਨ ਦੇਵ ਜੀ ਦੇ ਸਮੇਂ ਢਾਡੀ ਸਿੰਘ ਜਿਹੜੀਆਂ ਵਾਰਾਂ ਦਾ ਗਾਇਨ ਕਰਦੇ ਸਨ ਉਹ ਵਾਰਾਂ ਪੁਰਾਣਿਆਂ ਰਾਜਿਆਂ ਦੀਆਂ ਸਨ। ਉਹਨਾਂ ਰਾਜਿਆਂ ਦੇ ਆਪਸ ਵਿੱਚ ਜੋ ਯੁੱਧ ਹੋਏ ਉਹਨਾਂ ਨੂੰ ਉਸ ਸਮੇਂ ਦੇ ਢਾਡੀਆਂ ਨੇ ਵਾਰਾਂ ਦੇ ਰੂਪ ਵਿੱਚ ਕਾਵਿ-ਬੱਧ ਕੀਤਾ। ਉਸ ਸਮੇਂ ਤੱਕ ਨੌਂ ਵਾਰਾਂ ਸਨ ਜਿਹਨਾਂ ਦਾ ਗਾਇਨ ਹੁੰਦਾ ਸੀ ਤੇ ਉਹ ਵੱਖਰੇ-ਵੱਖਰੇ ਰਾਗਾਂ ਵਿੱਚ ਹੁੰਦੀਆਂ ਸਨ। ਗਉੜੀ, ਮਾਝ, ਮਲ੍ਹਾਰ, ਕਾਨੜਾ, ਰਾਮਕਲੀ ਆਦਿ ਵੱਖੋ ਵੱਖਰੇ ਰਾਗਾਂ ਵਿੱਚ ਉਹ ਨੌਂ ਵਾਰਾਂ ਸਨ ਜਿਨ੍ਹਾਂ ਦਾ ਜ਼ਿਕਰ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਵਿੱਚ 'ਧੁਨੀਆਂ' ਕਹਿ ਕੇ ਕੀਤਾ ਹੈ। ਇਕ ਧੁਨੀ ਦਾ ਜ਼ਿਕਰ- 'ਟੁੰਡੇ ਅਸਰਾਜੈ ਕੀ ਧੁਨੀ'- ਆਸਾ ਦੀ ਵਾਰ ਵਿੱਚ ਆਪ ਸਭ ਇਸ ਧੁਨੀ ਨੂੰ ਰੋਜ਼ ਸੁਣਦੇ ਹੋ। ਉਹ 'ਰਾਗ ਆਸਾ' ਦੀ ਧੁਨੀ ਸੀ। ਇਸੇ ਹੀ ਤਰ੍ਹਾਂ 'ਰਾਇ ਕਮਾਲ ਦੀ ਧੁਨੀ'॥ ਜੋ ਗੁਰੂ ਅਰਜਨ ਦੇਵ ਜੀ ਨੇ ਬਣਾਉਣ ਦੀ ਕਿਰਪਾ ਕੀਤੀ ਉਹ ਰਾਗ ਗਉੜੀ ਦੀ ਧੁਨੀ ਹੈ। ਇਸ ਤਰ੍ਹਾਂ ਨੌਂ ਧੁਨੀਆਂ ਹਨ। ਮਾਝ ਕੀ ਵਾਰ ਦੀ ਧੁਨੀ ਹੈ- ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ। ਇਨ੍ਹਾਂ ਸਭ ਦਾ ਜ਼ਿਕਰ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਵਿੱਚ ਆਉਂਦਾ ਹੈ। ਮਰਯਾਦਾ ਇਹ ਸੀ ਕਿ ਇਨ੍ਹਾਂ ਧੁਨੀਆਂ ਨੂੰ ਗਾਉਣ ਤੋਂ ਬਾਅਦ ਗੁਰਬਾਣੀ-ਵਾਰ ਦੀ ਇਕ ਪਉੜੀ ਦਾ ਗਾਇਨ ਉਸੇ ਹੀ ਧਾਰਨਾ ਉੱਤੇ ਹੁੰਦਾ ਸੀ ਜਿਸ ਧਾਰਨਾ ਵਿੱਚ ਧੁਨੀ ਗਾਈ ਜਾਂਦੀ ਸੀ। ਸਤਿਗੁਰੂ ਜਗਜੀਤ ਸਿੰਘ ਜੀ ਨੇ ਜੋ ਇਕ ਧੁਨੀ ਆਪਣੇ ਉਸਤਾਦ ਭਾਈ ਤਾਬਾ ਜੀ ਪਾਸੋਂ ਸਿੱਖੀ ਸੀ- ਉਹ ਸੀ 'ਗਉੜੀ ਕੀ ਵਾਰ ਮਹਲਾ ੫' ਦੀ ਧੁਨੀ- ਜੋ 'ਰਾਇ ਕਮਾਲਦੀ ਮੌਜਦੀ ਕੀ ਵਾਰ ਕੀ ਧੁਨੀ' ਤੇ ਗਾਈ ਜਾਂਦੀ ਸੀ ਜਿਸ ਦੇ ਬੋਲ ਸਨ-

ਰਾਣਾ ਰਾਇ ਕਮਾਲਦੀ ਰਣ ਭਾਰਾ ਬਾਹੀ,
ਮੌਜੁਦੀਨ ਤਲਵੰਡੀਓਂ ਚੜ੍ਹਿਆ ਸਾਬਾਹੀ,
ਢਾਲੀਂ ਅੰਬਰ ਛਾਇਆ ਫੁੱਲੇ ਅਕ ਕਾਹੀ,
ਜੁੱਟੇ ਆਮ੍ਹੋ ਸਾਮ੍ਹਣੇ ਨੇਜੇ ਝਲਕਾਹੀ,
ਮੌਜੇ ਘਰ ਵਧਾਈਆਂ ਘਰ ਚਾਚੇ ਧਾਹੀ।

ਉਸ ਸਮੇਂ ਜੋ ਕਮਾਲੂ ਦੀਨ ਰਾਜਾ ਸੀ ਉਹਨਾਂ ਦਾ ਯੁੱਧ ਹੋਇਆ। ਉਸ ਯੁੱਧ ਦੀ ਇਹ ਗਾਥਾ ਹੈ। ਉਸ ਦੀ ਇਹ ਧੁਨੀ ਸੀ ਜੋ ਢਾਡੀਆਂ ਨੇ ਰਾਗ ਗਉੜੀ ਵਿੱਚ 'ਪੰਦਰਾਂ ਮਾਤਰਾ ਪੰਚਮ ਸਵਾਰੀ' ਵਿੱਚ ਰਾਗ-ਬੱਧ ਕੀਤੀ। ਉਹ ਧੁਨੀ ਜੋ ਚੱਲੀ ਆ ਰਹੀ ਸੀ ਤੇ ਰਬਾਬੀਆਂ ਨੇ ਸਿਖੀਆਂ ਸਨ, ਅੱਗੋਂ ਭਾਈ ਤਾਬਾ ਜੀ ਨੇ ਸਤਿਗੁਰੂ ਜੀ ਨੂੰ ਸਿਖਾਈ। ਸੱਚੇ ਪਾਤਸ਼ਾਹ ਜੀ ਬਚਨ ਕਰਿਆ ਕਰਦੇ ਸਨ ਕਿ ਜਦੋਂ ਅਸੀਂ ਸਿੱਖਣਾ ਸ਼ੁਰੂ ਕੀਤਾ ਤਾਂ ਬਾਕੀ ਜੋ ਅੱਠ ਧੁਨੀਆਂ ਹਨ, ਉਹ ਰੀਤਾਂ ਅਸੀਂ ਸਿੱਖ ਨਹੀਂ ਸਕੇ। ਸੱਚੇ ਪਾਤਸ਼ਾਹ ਜੀ ਦੀ ਬਹੁਤ ਇੱਛਾ ਸੀ ਕਿ ਉਹਨਾਂ ਧੁਨੀਆਂ ਦਾ ਉਸੇ ਤਰ੍ਹਾਂ ਹੀ ਜੋ ਇੱਕ ਧੁਨੀ ਅਸਾਂ ਸਿੱਖੀ ਹੋਈ ਹੈ ਉਸੇ ਸਰੂਪ ਵਿੱਚ ਤੇ ਉਸ ਨੂੰ

ਆਧਾਰ ਬਣਾ ਕੇ ਨਵੀਆਂ ਧੁਨੀਆਂ ਨੂੰ ਸੁਰ-ਬੱਧ ਕੀਤਾ ਜਾਵੇ। ਫਿਰ ਸੰਨ 1999 ਵਿਚ ਸੱਚੇ ਪਾਤਸ਼ਾਹ ਜੀ ਨੇ ਕਿਰਪਾ ਕੀਤੀ। ਉਸਤਾਦ ਹਰਭਜਨ ਸਿੰਘ, ਉਸਤਾਦ ਮੋਹਨ ਸਿੰਘ ਤੇ ਮੈਨੂੰ ਵੀ ਨਾਲ ਲੈ ਕੇ ਬਾਗ ਵਾਲੀ ਕੋਠੀ ਵਿੱਚ ਸੱਚੇ ਪਾਤਸ਼ਾਹ ਜੀ ਨੇ ਬੈਠਣਾ। ਕਾਫ਼ੀ ਦਿਨ ਬੈਠ ਕੇ ਕਿਰਪਾ ਕਰਕੇ ਬਾਕੀ ਸਭ ਧੁਨੀਆਂ ਦੀ ਰਚਨਾ ਰਾਗਾਂ ਅਨੁਸਾਰ ਕੀਤੀ। ਸਾਰੀਆਂ ਪਉੜੀਆਂ ਵੀ ਜੋ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ ਉਹ ਪਉੜੀਆਂ ਵੀ ਸਾਨੂੰ ਗਾਇਨ ਕਰਨੀਆਂ ਸਿਖਾਈਆਂ। ਸੱਚੇ ਪਾਤਸ਼ਾਹ ਜੀ ਨੇ ਆਪਣੀ ਇੱਛਾ ਅਨੁਸਾਰ ਬੈਠਕਾਂ ਆਯੋਜਿਤ ਕਰਕੇ ਇਹ ਧੁਨੀਆਂ ਪੰਡਿਤ ਰਾਜਨ-ਸਾਜਨ ਮਿਸ਼ਰਾ ਜੀ ਨੂੰ ਸੱਦ ਕੇ ਸੁਣਾਈਆਂ। ਭਾਈ ਅਵਤਾਰ ਸਿੰਘ- ਗੁਰਚਰਨ ਸਿੰਘ ਜੋ ਸਿੱਖ ਜਗਤ ਦੇ ਬਹੁਤ ਮਸ਼ਹੂਰ ਰਾਗੀ ਸਨ, ਨੂੰ ਦਿੱਲੀ ਸੱਦਿਆ, ਮੈਨੂੰ ਵੀ ਨਾਲ ਲੈ ਕੇ ਗਏ। ਸਤਿਗੁਰੂ ਜੀ ਨੇ ਮੈਨੂੰ ਹੁਕਮ ਕੀਤਾ ਕਿ ਤੂੰ ਸੁਣਾਉਣੀਆਂ ਹਨ। ਸੁਖਵਿੰਦਰ ਸਿੰਘ ਪਿੰਕੀ ਜੀ ਨੇ ਤਬਲੇ ਪਖਾਵਜ ਦੇ ਉੱਤੇ ਜੋ ਖੁੱਲ੍ਹੇ ਬੋਲ ਵੱਜਦੇ ਸਨ, ਸਹਿਤ ਧੁਨੀਆਂ ਸੁਣਾਈਆਂ। ਪਹਿਲਾਂ ਉਹਨਾਂ ਸਤਿਗੁਰੂ ਜੀ ਨੂੰ ਅਰਜ਼ ਕੀਤੀ ਕਿ ਸੱਚੇ ਪਾਤਸ਼ਾਹ ਜੀ ਅਸੀਂ ਸੁਣਦੇ ਹਾਂ ਇਕ ਧੁਨੀ ਅਜੇ ਵੀ ਜੀਵਤ ਹੈ। ਉਹ ਹੈ ਕਿਤੇ ਪਰ ਗੁਰੂ ਘਰ ਦੀ ਇਹ ਰੀਤ ਅਜੇ ਸੁਨਣ ਨੂੰ ਨਹੀਂ ਮਿਲੀ। ਸੱਚੇ ਪਾਤਸ਼ਾਹ ਜੀ ਨੇ ਹੁਕਮ ਕੀਤਾ- "ਗੁਰੂ ਘਰ ਦੀ ਰੀਤ, ਗੁਰੂ ਘਰ ਵਿੱਚ ਹੀ ਹੈ।" ਸੱਚੇ ਪਾਤਸ਼ਾਹ ਜੀ ਨੇ ਕਿਰਪਾ ਕਰਕੇ ਉਹ ਧੁਨੀ ਉਹਨਾਂ ਨੂੰ ਸੁਣਾਈ। ਉਹ ਸੁਣ ਕੇ ਬਹੁਤ ਨਿਹਾਲ ਹੋਏ। ਜਦ ਉਹਨਾਂ ਸਾਰੀਆਂ ਧੁਨੀਆਂ ਸੁਣੀਆਂ ਤਾਂ ਉਹਨਾਂ ਦੀ ਅਵਸਥਾ ਦੇਖਣ ਵਾਲੀ ਸੀ, ਵੈਰਾਗੀ ਹੋ ਗਏ ਸਨ ਖੁਸ਼ੀ ਦੇ ਨਾਲ। ਉਹਨਾਂ ਸੱਚੇ ਪਾਤਸ਼ਾਹ ਜੀ ਨੂੰ ਅਰਜ਼ ਕੀਤੀ ਕਿਰਪਾ ਕਰਕੇ ਸਾਨੂੰ ਦਿਓ।ਸੱਚੇ ਪਾਤਸ਼ਾਹ ਜੀ ਦੀ ਇੱਛਾ ਸੀ ਕਿ ਅਸੀਂ ਆਪ ਇਹਨਾਂ ਧੁਨੀਆਂ ਨੂੰ ਬਣਾ ਕੇ, ਰਿਕਾਰਡਿੰਗ ਕਰਕੇ ਆਪ ਦੇਵਾਂਗੇ। ਏਸੇ ਸੁਪਨੇ ਨੂੰ ਪੂਰਾ ਕਰਨ ਲਈ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਕਿਰਪਾ ਸਦਕਾ ਅਸੀਂ ਸਾਰਿਆਂ ਨੇ ਇਕੱਠੇ ਹੋ ਕੇ ਉਹ ਧੁਨੀਆਂ ਰਿਕਾਰਡ ਕੀਤੀਆਂ। ਇਸ ਕਾਰਜ ਵਿੱਚ ਵੱਡਾ ਯੋਗਦਾਨ ਤਰਨਜੀਤ ਸਿੰਘ ਹੈਦਰਾਬਾਦ ਵਾਲਿਆਂ ਦੀ ਮਿਹਨਤ ਸਦਕਾ ਹੈ। ਉਹ ਆਪਣੀ ਸਾਰੀ ਟੀਮ ਮੁੰਬਈ ਤੋਂ ਲੈ ਕੇ ਆਏ ਤੇ ਪ੍ਰਤਾਪ ਮੰਦਰ ਵਿੱਚ ਬੈਠ ਕੇ ਨਾਲ ਪੂਰੀ ਗਾਥਾ ਦੱਸ ਕੇ ਹਰੇਕ ਧੁਨੀ ਗਾਈ ਗਈ ਹੈ ਫਿਰ ਉਸ ਤੋਂ ਬਾਅਦ ਪਉੜੀ ਜਿਸ ਤਰ੍ਹਾਂ ਗਾਈ ਜਾਂਦੀ ਹੈ ਉਸ ਦਾ ਗਾਇਨ ਕੀਤਾ ਹੈ। ਸੱਚੇ ਪਾਤਸ਼ਾਹ ਜੀ ਦੀ ਕਿਰਪਾ ਨਾਲ ਇਹ ਕਾਰਜ ਸੰਪੂਰਨ ਹੋ ਸਕਿਆ ਹੈ। ਉਪਰਾਲਾ ਕੀਤਾ ਹੈ ਕਿ ਸੱਚੇ ਪਾਤਸ਼ਾਹ ਜੀ ਦੇ 100ਵੇਂ ਪ੍ਰਕਾਸ਼ ਪੁਰਬ ਤੇ ਇਹ ਵੀਡੀਓ ਰਿਕਾਰਡਿੰਗ ਰੀਲੀਜ਼ ਕੀਤੀ ਜਾਵੇ। ਤਰਨਜੀਤ ਸਿੰਘ ਜੀ ਧੁਨੀਆਂ ਦੀ ਰਿਕਾਡਿੰਗ ਦੀ ਕਵਰ ਫੋਟੋ ਸ੍ਰੀ ਸਤਿਗੁਰੂ ਜੀ ਦੇ ਸਨਮੁਖ ਹਾਜ਼ਰ ਕੀਤੀ ਅਤੇ ਸਤਿਗੁਰੂ ਜੀ ਉਹਨਾਂ ਧੁਨੀਆਂ ਦੀ ਰਿਕਾਰਡਿੰਗ ਰਿਲੀਜ਼ ਕੀਤੀ। ਇੱਕ ਧੁਨੀ ਦੀ ਮੂਵੀ, ਸਕਰੀਨ ਤੇ ਪਲੇਅ ਕੀਤੀ ਗਈ। ਇਹ ਰਿਕਾਰਡਿੰਗ ਯੂ-ਟਿਊਬ ਤੇ ਸੰਗਤਾਂ ਸੁਣ ਸੱਕਣਗੀਆਂ।

**ਸਵੇਰ ਦੇ ਦੀਵਾਨ** ਜਥੇਦਾਰ ਸੁਰਜੀਤ ਸਿੰਘ ਮੁਸਤਫ਼ਾਪੁਰ, ਜੋਗਾ ਸਿੰਘ ਕਵੀਸ਼ਰ ਭੰਗੂਰ, ਜਥੇਦਾਰ ਗੁਰਬਚਨ ਸਿੰਘ ਬਹਾਦੁਰ ਹੁਸੈਨ, ਜਥੇਦਾਰ ਕਮਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ ਆਪਣੇ ਜਥਿਆਂ ਸਮੇਤ ਹੱਲੇ ਦੇ ਦੀਵਾਨ ਸਜਾਏ ਤੇ ਕਵੀਸ਼ਰੀ ਗਾਇਨ ਕੀਤੀ।

**ਦੁਪਹਿਰ ਦੇ ਪ੍ਰੋਗਰਾਮ** ਅੱਜ 29 ਨਵੰਬਰ ਦਾ ਪੂਰੇ ਦਿਨ ਦਾ ਮੇਲਾ ਆਦਿ ਗੁਰੂ, ਸਤਿਗੁਰੂ ਨਾਨਕ ਦੇਵ ਜੀ ਦੇ 551 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੈ- ਦੁਪਹਿਰ 12 ਤੋਂ 2 ਵਜੇ ਤੱਕ ਵਿਦਵਾਨ ਸੱਜਣਾਂ ਨੇ ਸਤਿਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਫ਼ਲਸਫੇ ਬਾਰੇ ਵਖਿਆਨ ਕੀਤੇ- ਸਮਾਗਮ ਦੀ ਭੂਮਿਕਾ ਵਜੋਂ ਮੰਚ ਸੰਚਾਲਕ ਸੁਵਰਨ ਸਿੰਘ ਜੀ ਨੇ ਅਰੰਭ ਕੀਤਾ: ਆਪ ਨੇ ਅੱਜ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਹੋਏ ਸੱਜਣ ਠੱਗ, ਭਾਈ ਲਾਲੋ ਤੇ ਮਲਕ ਭਾਗੋ ਦੀਆਂ ਸਾਖੀਆਂ ਦਾ ਸੰਖੇਪ ਜ਼ਿਕਰ ਕਰਕੇ ਕਿਹਾ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਦੱਸਿਆ ਕਿ ਨੇਕ ਕਮਾਈ ਕਰਦਿਆਂ ਹੀ ਆਦਮੀ ਨੇਕ ਬਣ ਸਕਦਾ ਹੈ, ਉੱਚਾ ਸੁੱਚਾ ਇਨਸਾਨ ਬਣ ਸਕਦਾ ਹੈ। ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੀ ਉਸਤਤ ਕਰਦਿਆਂ ਅਲਾਮਾ ਮੁਹੰਮਦ ਇਕਬਾਲ ਨੇ ਲਿਖਿਆ ਸੀ-

ਫਿਰ ਉਠੀ ਆਖ਼ਿਰ ਸਦਾਅ ਤੌਹੀਦ ਕੀ ਪੰਜਾਬ ਸੇ,
ਹਿੰਦ ਕੋ ਇਕ ਮਰਦੇ-ਕਾਮਿਲ ਨੇ ਜਗਾਇਆ ਖ਼ਵਾਬ ਸੇ।

ਵਿਰਕ ਜੀ ਨੇ ਦੱਸਿਆ ਕਿ ਅੱਜ ਕੁਝ ਵਿਦਵਾਨ ਸੱਜਣ ਸਾਡੇ ਵਿਚਕਾਰ ਤਸ਼ਰੀਫ ਲਿਆਏ ਹਨ ਜੋ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਜੀਵਨ ਫ਼ਲਸਫੇ ਸਬੰਧੀ ਆਪਣੇ ਵਿਚਾਰ ਸੰਗਤ ਨਾਲ ਸਾਂਝੇ ਕਰਨਗੇ।

**ਪ੍ਰੋ. ਅਵਤਾਰ ਸਿੰਘ (ਫਗਵਾੜਾ) ਨੇ ਕਿਹਾ ਕਿ ਮੈਨੂੰ ਹੋਰ ਕਿਧਰੇ ਕਿਸੇ ਧਾਰਮਿਕ ਅਦਾਰੇ ਵਿੱਚ ਜਾ ਕੇ ਏਨਾ ਉੱਚਾ-ਸੁੱਚਾ ਅਹਿਸਾਸ ਨਹੀਂ ਹੁੰਦਾ ਜਿੰਨਾਂ ਇੱਥੇ ਤੁਹਾਡੇ ਵਿਚਕਾਰ ਆ ਕੇ ਹੁੰਦਾ ਹੈ। ਗੁਰੂ ਸਾਹਿਬਾਨ ਨੇ**

**ਸਾਨੂੰ ਬਹੁਤ ਸਾਰੀਆਂ ਨਿਆਮਤਾਂ ਨਾਲ ਨਿਵਾਜਿਆ ਹੈ। ਸਾਂਝੀਵਾਲਤਾ ਤੇ ਸਰਬੱਤ ਦਾ ਭਲਾ ਸਤਿਗੁਰਾਂ ਦਾ ਸਭ ਤੋਂ ਵੱਡਾ ਨਿਸ਼ਾਨਾ ਰਿਹਾ ਹੈ ਜੋ ਉਹਨਾਂ ਦੇ ਉਪਦੇਸ਼ਾਂ ਤੇ ਕਾਰਜਾਂ ਵਿੱਚੋਂ ਪ੍ਰਗਟ ਹੁੰਦਾ ਹੈ। ਇਹ ਮਕਸਦ ਸਤਿਗੁਰਾਂ ਦੇ ਨਾਮ ਮਾਰਗ ਤੇ ਤੁਰਿਆਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਮੈਂ ਇਸ ਨਾਮ ਮਾਰਗ ਦਾ ਇਕ ਅਦਨਾ ਜਿਹਾ ਸਿੱਖ ਹਾਂ। ਦੂਈ-ਦਵੈਤ, ਈਰਖਾ-ਬਖੀਲੀ ਦੀਆਂ ਭਾਵਨਾਵਾਂ ਨੂੰ ਆਤਮ-ਚਿੰਤਨ ਰਾਹੀਂ ਮਿਟਾਇਆ ਜਾ ਸਕਦਾ ਹੈ। ਆਤਮ ਚਿੰਤਨ ਕਰਨ ਵਾਲਾ ਮਨੁੱਖ ਹੀ ਦੂਸਰਿਆਂ ਬਾਰੇ ਚਿੰਤਨ ਕਰ ਸਕਦਾ ਹੈ, ਸੋਚ ਸਕਦਾ ਹੈ। ਗੁਰੂ ਨਾਨਕ ਦੇਵ ਜੀ ਦਾ ਰਸਤਾ ਬ੍ਰਹਿਮੰਡਕ ਹੈ, ਵਿਸ਼ਵੀ ਹੈ। ਅੱਜ 'ਸਰਬੱਤ ਦਾ ਭਲਾ' ਮੰਗਣਾ ਸਾਡੀ ਅਰਦਾਸ ਦੇ ਆਖ਼ਰੀ ਵਾਕ ਤੱਕ ਹੀ ਸੀਮਤ ਹੋ ਗਿਆ ਹੈ।** ਸਾਨੂੰ ਅੱਜ ਫਿਰ ਆਤਮ-ਚਿੰਤਨ ਕਰਨ ਦੀ ਲੋੜ ਹੈ, ਨਾਮ ਮਾਰਗ ਅਪਨਾਉਣ ਦੀ ਜ਼ਰੂਰਤ ਹੈ। 'ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ।' ਨਾਮ ਮਾਰਗ ਹੀ ਸਿੱਖ ਫਲਸਫੇ ਦੀ ਚੂਲ ਹੈ, ਅਧਾਰ ਹੈ। ਨਾਮ ਦਾ ਅਰਥ ਤੇ ਘੇਰਾ ਬਹੁਤ ਵਿਸ਼ਾਲ ਹੈ। ਗੁਰਬਾਣੀ ਕਾਦਰ ਤੇ ਕੁਦਰਤ ਨਾਲ ਇੱਕ ਮਿੱਕ ਹੋਣ ਦਾ ਵਸੀਲਾ ਹੈ। ਅੱਜ ਦੇ ਹਾਲਾਤ ਨੂੰ ਸੁਰਜੀਤ ਪਾਤਰ ਜੀ ਨੇ ਇਨ੍ਹਾਂ ਸ਼ਬਦਾਂ ਰਾਹੀਂ ਬਿਆਨ ਕੀਤਾ ਹੈ-

ਮੌਤ, ਮਾਤਮ, ਹਿੰਸਾ, ਬੇਕਸੀ ਤੇ ਅਨਿਆਂ। ਇਹ ਨੇ ਮੇਰੇ ਪੰਜਾਬ ਦੇ ਪੰਜ ਦਰਿਆਵਾਂ ਦੇ ਨਾਂ।

ਅੱਜ ਸ੍ਰੀ ਦਰਬਾਰ ਸਾਹਿਬ ਵਿੱਚ ਸੰਗੀਤ ਦਾ ਸ਼ੁੱਧ ਸਰੂਪ ਨਹੀਂ। ਮਨਿਸਟਰਾਂ ਦੀਆਂ ਸਿਫ਼ਾਰਸ਼ਾਂ ਨਾਲ ਰਾਗੀ ਭਰਤੀ ਕੀਤੇ ਜਾਂਦੇ ਨੇ। ਜੋ ਨਾਮਧਾਰੀ ਦਰਬਾਰ ਵਿੱਚ ਸੰਗੀਤ, ਸੇਵਾ, ਸਿਮਰਨ ਦੀ ਗੱਲ ਹੁੰਦੀ ਹੈ, ਹੋਰ ਕਿਤੇ ਨਹੀਂ ਹੁੰਦੀ। ਇਹ ਹਾਲਾਤ ਸਾਨੂੰ ਸਵੈ-ਚਿੰਤਨ ਕਰਨ ਵਾਸਤੇ ਕਹਿ ਰਹੇ ਹਨ। ਮੈਂ ਆਪਣੇ ਦਿਲ ਦਾ ਦਰਦ ਤੁਹਾਡੇ ਨਾਲ ਸਾਂਝਾ ਕੀਤਾ ਹੈ।

**ਡਾ. ਸੁਰਜੀਤ ਸਿੰਘ ਭੱਟੀ ਨੇ ਕਿਹਾ ਕਿ ਸਾਰੀ ਧਰਤੀ ਨੂੰ ਸੁਖਾਵਾਂ ਅਤੇ ਸਾਰੇ ਪ੍ਰਾਣੀਆਂ ਉੱਪਰ ਸੁੱਖਾਂ ਦੀ ਵਰਖਾ ਕਰਨ ਵਾਲੇ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦਾ ਸਮਾਂ ਗੁਰਬਾਣੀ ਅੰਦਰ ਇੰਜ ਬਿਆਨ ਕੀਤਾ ਗਿਆ ਹੈ 'ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥ ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥' ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਆਪਣੇ ਆਪ ਨੂੰ ਨੀਚ ਤੇ ਗਰੀਬ ਕਿਹਾ ਅਤੇ ਸਮਾਜ ਦੇ ਨਿਮਾਣੇ ਤੇ ਲਤਾੜੇ ਵਰਗ ਨਾਲ ਜੋੜਿਆ। ਸਾਨੂੰ ਲੋੜ ਹੈ ਆਪਸੀ ਸਾਂਝ ਵਧਾਉਣ ਦੀ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬੋਲੀ, ਆਪਣੇ ਪਹਿਰਾਵੇ, ਆਪਣੇ ਸੱਭਿਆਚਾਰ ਅਤੇ ਪ੍ਰਮਾਤਮਾ ਨਾਲ ਜੁੜੇ ਰਹਿਣ ਦਾ ਪ੍ਰਚਾਰ ਕੀਤਾ। ਆਪ ਵੱਲੋਂ ਲਿਖੀ ਆਰਤੀ ਸਾਰੇ ਬ੍ਰਹਿਮੰਡ ਨੂੰ ਆਪਣੇ ਕਲਾਵੇ ਵਿੱਚ ਲੈਂਦੀ ਹੈ। ਰਬਿੰਦਰ ਨਾਥ ਟੈਗੋਰ ਨੂੰ ਜਦੋਂ ਬਲਰਾਜ ਸਾਹਨੀ ਨੇ ਕਿਹਾ ਕਿ ਤੁਸਾਂ 'ਜਨ ਗਣ ਮਨ' ਦਾ ਰਾਸ਼ਟਰੀ ਗੀਤ ਤਾਂ ਲਿਖਿਆ ਹੈ, ਪ੍ਰਮਾਤਮਾ ਦੀ ਉਸਤਤ ਵਿੱਚ ਵੀ ਕੋਈ ਬ੍ਰਹਿਮੰਡੀ ਗੀਤ ਲਿਖੋ ਤਾਂ ਉਹਨਾਂ ਉਤਰ ਦਿੱਤਾ ਕਿ ਗੁਰੂ ਨਾਨਕ ਦੇਵ ਜੀ ਦੀ ਆਰਤੀ ਸਭ ਤੋਂ ਉਤਮ ਪ੍ਰਭੂ-ਉਸਤਤੀ ਦਾ ਬ੍ਰਹਿਮੰਡੀ ਗੀਤ ਹੈ। ਸਤਿਗੁਰੂ ਨਾਨਕ ਦੇਵ ਜੀ ਵਾਂਗ ਹੀ ਸਾਰੇ ਸਤਿਗੁਰੂ ਸਾਹਿਬਾਨ ਨੇ ਸਾਨੂੰ ਅਮਲੀ ਜੀਵਨ ਜਿਊਣ ਦਾ ਉਪਦੇਸ਼ ਦਿੱਤਾ।** ਗੁਰੂ ਨਾਨਕ ਦੇਵ ਜੀ ਨੇ ਆਪਣੇ ਤੋਂ ਦਸ ਸਾਲ ਵੱਡੇ ਮਰਦਾਨੇ ਨੂੰ 'ਭਾਈ ਮਰਦਾਨਾ' ਅਤੇ ਕਿਰਤੀ ਲਾਲੋ ਨੂੰ 'ਭਾਈ ਲਾਲੋ' ਕਹਿ ਕੇ ਸੰਬੋਧਨ ਕੀਤਾ। ਆਪ ਨੇ ਔਰਤ ਦੀ ਵਡਿੱਤਣ ਤੇ ਮਹਾਨਤਾ ਦੀ ਕਦਰ ਕਰਦਿਆਂ ਉਚਾਰਿਆ ਸੀ- 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥' ਨਾਮਧਾਰੀ ਸਿੱਖ ਸ਼ਹੀਦਾਂ ਦਾ ਜ਼ਿਕਰ ਕਰਦਿਆਂ ਹੋਇਆਂ ਭੱਟੀ ਜੀ ਨੇ ਕਿਹਾ ਕਿ ਏਡੇ ਵੱਡੇ ਜਿਗਰੇ ਵਾਲੇ ਲੋਕ ਨਾਮ ਸਿਮਰਨ ਅਤੇ ਗੁਰੂ ਉਪਦੇਸ਼ਾਂ 'ਤੇ ਅਮਲ ਕਰਨ ਵਾਲੇ ਸਿੱਖ ਹੀ ਹੋ ਸਕਦੇ ਹਨ।

**ਗਿਆਨੀ ਗੁਰਵਿੰਦਰ ਸਿੰਘ ਨੰਗਲੀ (ਤਰੁਨਾ ਦਲ, ਬਾਬਾ ਬਕਾਲਾ) ਜੀ ਨੇ ਕਿਹਾ ਕਿ ਨਾਮ ਸ਼ਬਦ 'ਨਾ' (ਨਹੀਂ) ਤੇ 'ਮ' ਭਾਵ ਮੈਂ (ਹਉਮੈ) ਤੋਂ ਬਣਿਆ ਹੈ ਤੇ ਸਾਡੀ ਮੈਂ, ਮੇਰੀ ਨੂੰ ਖ਼ਤਮ ਕਰਦਾ ਹੈ। ਸਤਿਗੁਰੂ ਨਾਨਕ ਦੇਵ ਜੀ ਨੇ ਸਾਨੂੰ 'ਤੂੰ' ਨਾਲ ਜੋੜਿਆ ਤੇ 'ਮੈਂ' ਨਾਲੋਂ ਤੋੜਿਆ ਹੈ।** ਅੱਜ ਹਰ ਕੋਈ ਆਪਣੇ ਆਪ ਨੂੰ ਦਾਨਾ ਤੇ ਸਿਆਣਾ ਮੰਨਦਾ ਹੈ ਪਰ ਪ੍ਰਮੇਸ਼ਰ ਦੀ ਬੰਦਗੀ ਬਿਨਾਂ ਨਿਮਰਤਾ ਤੇ ਸਿਆਣਪ ਨਹੀਂ ਆ ਸਕਦੀ। ਦਿਲ ਦੀ ਨਰਮੀ ਹੀ ਨਿਮਰਤਾ ਹੈ। ਗੁਰੂ ਨਾਨਕ ਦੇਵ ਜੀ ਦੇ ਘਰ ਵਿੱਚ 'ਮੈਂ' ਲਈ ਕੋਈ ਥਾਂ ਨਹੀਂ। ਘਾਟੇ ਉਥੇ ਪੈਂਦੇ ਹਨ ਜਿਥੇ 'ਮੈਂ' ਦਾ ਵਰਤਾਰਾ ਵਰਤ ਰਿਹਾ ਹੋਵੇ। ਗੁਰੂ ਨਾਨਕ ਦੇਵ ਜੀ ਦਾ ਘਰ ਸਾਨੂੰ ਨਿਮਰਤਾ ਨਾਲ ਜੋੜਦਾ ਹੈ। ਰੱਬ ਦਾ ਨਾਮ ਹਮੇਸ਼ਾ ਹੀ ਸੰਗੀਤ ਦੇ ਸੰਗ ਅਲਾਪਿਆ ਜਾਂਦਾ ਹੈ। ਏਸੇ ਲਈ ਸਾਰੀ ਗੁਰਬਾਣੀ ਰਾਗਾਂ ਵਿੱਚ ਉਚਾਰਨ ਕੀਤੀ ਗਈ ਹੈ। ਗੁਰਬਾਣੀ ਰਾਗ ਬੱਧ ਵੀ ਹੈ ਤੇ ਛੰਦ-ਬੱਧ ਵੀ ਹੈ। 'ਸਰਬਲੋਹ ਪ੍ਰਕਾਸ਼

ਗ੍ਰੰਥ' ਵਿੱਚ ਖਾਲਸੇ ਦੀ ਭਾਰੀ ਮਹਿਮਾ ਕੀਤੀ ਗਈ ਹੈ- ਦੱਸਿਆ ਗਿਆ ਹੈ ਕਿ ਸਿੱਖ ਦਸ ਗੁਣਾਂ ਦਾ ਧਾਰਨੀ ਤੇ ਦਸ ਔਗੁਣਾਂ ਦਾ ਤਿਆਗੀ ਹੁੰਦਾ ਹੈ। ਸਤਿਗੁਰੂ ਨਾਨਕ ਦੇਵ ਜੀ ਨੇ ਜੋ ਨਾਮ ਸਾਨੂੰ ਬਖ਼ਸ਼ਿਆ ਉਸ ਵਿੱਚੋਂ ਚਾਰ ਯੁੱਗਾਂ ਦੇ ਜਾਪ ਦਾ ਅਨੁਭਵ ਹੁੰਦਾ ਹੈ। ਚਾਰ ਪਦਾਰਥ- ਧਰਮ, ਅਰਥ, ਕਾਮ ਤੇ ਮੋਕਸ਼ ਮਿਲਦੇ ਹਨ। ਜਿਹਦੇ ਮਨ ਵਿਚੋਂ ਮੋਹ ਤੇ ਕਾਮਨਾਵਾਂ ਮਰ ਜਾਵਣ ਉਹ ਮੁਕਤ ਹੋ ਜਾਂਦਾ ਹੈ। ਨਾਮ ਦਾ ਪ੍ਰਕਾਸ਼ ਉਜਲ ਹੈ, ਸਫ਼ੈਦ ਹੈ, ਸਤਿਜੁਗੀ ਹੈ, ਨੀਲਾ ਰੰਗ ਵਿਸ਼ਾਲਤਾ ਦਾ ਪ੍ਰਤੀਕ ਹੈ। ਨਾਮ ਜੱਪਦਿਆਂ-ਜੱਪਦਿਆਂ ਅਸੀਂ ਅਕਾਲ ਪੁਰਖ ਨਾਲ ਅਭੇਦ ਹੋ ਜਾਂਦੇ ਹਾਂ। ਸਿੱਖ ਸਤਿਗੁਰੂ ਤੋਂ ਦੂਰ ਨਹੀਂ ਹੋ ਸਕਦਾ ਜੇ ਉਹ ਗੁਰਮੰਤਰ ਦਾ ਜਾਪ ਕਰਦਾ ਹੈ ਤੇ ਆਪਣੇ ਸਤਿਗੁਰੂ ਦਾ ਧਿਆਨ ਧਰਦਾ ਹੈ। ਤਾਂਹੀਓ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਵਿੱਚ ਲਿਖਿਆ ਹੈ- 'ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥'

ਇਹਨਾਂ ਤਿੰਨਾਂ ਵਿਦਵਾਨ ਬੁਲਾਰਿਆਂ ਦਾ ਸਨਮਾਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਆਪਣੇ ਕਰ-ਕੰਵਲਾਂ ਨਾਲ ਕੀਤਾ।

**ਨਾਮ ਸਿਮਰਨ:** ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਇੱਕ ਘੰਟੇ ਵਾਸਤੇ ਸਾਰੀ ਸਾਧ ਸੰਗਤ ਨੇ ਨਾਮ ਸਿਮਰਨ ਕੀਤਾ। ਕੀਰਤਨ ਅਰੰਭ ਹੋਣ ਤੋਂ ਪਹਿਲਾਂ ਸ੍ਰ. ਸੁਵਰਨ ਸਿੰਘ ਜੀ ਵਿਰਕ ਮੰਚ ਤੇ ਹਾਜਰ ਹੋਏ। ਸਤਿਗੁਰੂ ਜੀ ਦੀ ਰਜ਼ਾ ਅਨੁਸਾਰ 'ਨਿਸ਼ਕਾਮ ਸੇਵਕ' ਦੇ ਸਨਮਾਨ ਨਾਲ ਸਨਮਾਨਿਤ ਸੁਭਾਗੀ ਜੋੜੀ ਕੈਪਟਨ ਕੰਵਲਜੀਤ ਸਿੰਘ ਅਤੇ ਬੀਬੀ ਚਰਨਜੀਤ ਕੌਰ ਜੀ ਬਾਰੇ ਮਾਣ ਪੱਤਰ ਦੇ ਸ਼ਬਦ ਵਿਰਕ ਜੀ ਨੇ ਸੰਗਤਾਂ ਨਾਲ ਸਾਂਝੇ ਕੀਤੇ:

**'ਨਿਸ਼ਕਾਮ ਸੇਵਕ:** ਉੱਘੇ ਸਮਾਜਸੇਵੀ, ਨਾਮਧਾਰੀ ਪੰਥ ਦੇ ਸੁਘੜ ਅਤੇ ਨਿਸ਼ਠਾਵਾਨ ਸੇਵਾਦਾਰ 'ਕੈਪਟਨ' ਅਜੀਤ ਸਿੰਘ ਜੀ ਦਾ ਜਨਮ ਪਿਤਾ ਸ੍ਰ. ਅਮਰ ਸਿੰਘ ਅਤੇ ਮਾਤਾ ਚੰਨਣ ਕੌਰ ਦੇ ਗ੍ਰਹਿ ਵਿਖੇ 1935 ਈ. ਨੂੰ ਜੰਡਿਆਲਾ (ਜਲੰਧਰ) ਵਿਖੇ ਹੋਇਆ। ਆਪਦੇ ਮਾਤਾ ਪਿਤਾ ਭਾਵੇਂ ਨਾਮਧਾਰੀ ਸਿੱਖ ਨਹੀਂ ਸਨ ਪਰ ਸਨ ਧਾਰਮਿਕ ਬਿਰਤੀ ਵਾਲੇ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸ਼ਰਧਾਲੂ ਸਨ। ਮੁੱਢਲੀ ਵਿਦਿਆ ਤੋਂ ਬਾਅਦ ਸ੍ਰ. ਅਜੀਤ ਸਿੰਘ ਜੀ ਨੇ 'ਆਰਚੀਟੈਕਟ ਤੇ ਟਾਊਨ ਪਲੈਨਰ' ਦੀ ਡਿਗਰੀ ਪ੍ਰਾਪਤ ਕੀਤੀ। 1964 ਈ. ਵਿੱਚ ਦਿੱਲੀ ਵਿਖੇ ਸੂਬਾ ਗੰਡਾ ਸਿੰਘ ਜੀ ਤੋਂ ਨਾਮ ਦੀ ਦਾਤ ਪ੍ਰਾਪਤ ਕਰਕੇ ਨਾਮਧਾਰੀ ਸਿੰਘ ਸਜ ਗਏ। 1965 ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਵਿਦਿਅਕ ਜਥੇ ਦੀ ਸਥਾਪਨਾ ਕੀਤੀ ਅਤੇ ਅਜੀਤ ਸਿੰਘ ਜੀ ਨੂੰ ਜਥੇ ਦੇ ਸਕੱਤਰ ਥਾਪਿਆ। ਇਸੇ ਵਰ੍ਹੇ ਹੀ ਆਪ ਦਾ ਅਨੰਦ ਕਾਰਜ ਬੀਬੀ ਚਰਨਜੀਤ ਕੌਰ ਨਾਲ ਹੋਇਆ।

ਬੀਬੀ ਚਰਨਜੀਤ ਕੌਰ ਦੇ ਪਿਤਾ ਸ੍ਰ. ਤੀਰਥ ਸਿੰਘ ਹੰਸਪਾਲ ਬਾਠਾਂ (ਸਿਆਲਕੋਟ) ਵਾਲੇ ਪ੍ਰਸਿੱਧ ਨਾਮਧਾਰੀ ਸੰਤ ਭਗਵਾਨ ਸਿੰਘ ਜੀ ਦੇ ਪਰਿਵਾਰ ਵਿਚੋਂ ਸਨ ਜਿਨ੍ਹਾਂ ਨੇ 1894-95 ਵਿੱਚ ਸ੍ਰੀ ਭੈਣੀ ਸਾਹਿਬ ਸਤਿਗੁਰੂ ਹਰੀ ਸਿੰਘ ਜੀ ਵੇਲੇ ਪਹਿਲਾ ਖਰਾਸ ਬਣਾ ਕੇ ਲਗਾਇਆ ਸੀ। ਬੀਬੀ ਚਰਨਜੀਤ ਕੌਰ ਜੀ ਨੇ ਪੰਜਾਬੀ ਯੂਨੀਵਰਸਿਟੀ ਤੋਂ ਐਮ.ਏ. ਗੋਲਡ ਮੈਡਲਿਸਟ ਦੀ ਡਿਗਰੀ ਪ੍ਰਾਪਤ ਕੀਤੀ ਅਤੇ ਕੁਰੂਕਸ਼ੇਤਰ ਯੂਨੀਵਰਸਿਟੀ ਵਿੱਚ ਲੈਕਚਰਾਰ ਦੀ ਸੇਵਾ ਨਿਭਾਈ। 1966 ਈ. ਵਿੱਚ ਜਦੋਂ ਇਹ ਦੰਪਤੀ ਇੰਗਲੈਂਡ ਜਾਣ ਲੱਗੇ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਚੇਚਾ ਹੁਕਮ ਕਰਕੇ ਸ੍ਰ. ਅਜੀਤ ਸਿੰਘ ਦੀ ਦਸਤਾਰ ਸਿੱਧੀ (ਗੁਰਮੁਖੀ) ਕਰਵਾ ਦਿੱਤੀ। ਸਤਿਗੁਰੂ ਜੀ ਦੇ ਆਸ਼ੀਰਵਾਦ ਸਦਕਾ ਵਿਸ਼ਵ ਭਰ ਵਿੱਚ ਭ੍ਰਮਣ ਕਰਦਿਆਂ ਆਪ ਅੱਜ ਤਕ ਸਾਬਤ-ਸੂਰਤ ਸਿੱਖੀ-ਸਰੂਪ ਅਤੇ ਗੁਰਮੁਖੀ ਦਸਤਾਰ ਦੇ ਧਾਰਨੀ ਹਨ।

ਉਨ੍ਹਾਂ ਦਿਨਾਂ ਵਿੱਚ ਇੰਗਲੈਂਡ ਵਿੱਚ ਨਸਲੀ ਵਿਤਕਰਾ ਸਿਖਰ ਤੇ ਸੀ, ਸ੍ਰ. ਅਜੀਤ ਸਿੰਘ ਹੁਰਾਂ ਨੇ ਕੇਵਲ ਪੰਜਾਬੀਆਂ ਜਾਂ ਭਾਰਤੀਆਂ ਵਾਸਤੇ ਹੀ ਨਹੀਂ ਸਗੋਂ ਦੱਬੇ-ਕੁਚਲੇ ਆਇਰਿਸ਼ ਲੋਕਾਂ ਦੇ ਮੌਲਿਕ-ਅਧਿਕਾਰਾਂ ਬਾਰੇ ਵੀ ਸ਼ਾਂਤਮਈ ਸੰਘਰਸ਼ ਸ਼ੁਰੂ ਕੀਤਾ। ਅਮਰੀਕਾ ਅਤੇ ਆਸਟ੍ਰੇਲੀਆ ਦੇ ਮੂਲ ਬਾਸ਼ਿੰਦੇ ਰੈੱਡ-ਇੰਡੀਅਨਜ਼ ਦੇ ਹੱਕਾਂ ਲਈ ਵੀ ਆਪ ਨੇ ਆਵਾਜ਼ ਬੁਲੰਦ ਕੀਤੀ।

ਇੰਗਲੈਂਡ ਵਿੱਚ ਵੱਖੋ-ਵੱਖ ਧਰਮਾਂ ਦੇ ਲੋਕਾਂ ਨੂੰ ਇੱਕ ਮੰਚ ਤੇ ਇਕੱਠਾ ਕਰਨ ਅਤੇ ਗੁਰੂ ਨਾਨਕ ਦੇਵ ਜੀ ਦਾ ਸਾਂਝੀਵਾਲਤਾ ਦਾ ਸੰਦੇਸ਼ ਘਰੋ-ਘਰੀ ਪੁਚਾਉਣ ਲਈ ਸ੍ਰ. ਅਜੀਤ ਸਿੰਘ ਅਤੇ ਬੀਬੀ ਚਰਨਜੀਤ ਕੌਰ ਨੇ ਅਹਿਮ ਭੂਮਿਕਾ ਨਿਭਾਈ। ਸ੍ਰ. ਅਜੀਤ ਸਿੰਘ ਜੀ ਦੀ ਵੱਖੋ-ਵੱਖ ਖੇਤਰਾਂ ਵਿੱਚ ਸਰਗਰਮ ਭੂਮਿਕਾ ਸਦਕਾ ਸਤਿਗੁਰੂ ਜਗਜੀਤ ਸਿੰਘ ਜੀ ਆਪ ਨੂੰ 'ਕੈਪਟਨ' ਕਿਹਾ ਕਰਦੇ ਸਨ। ਆਪ ਦੇ ਦੋ ਸੁਯੋਗ ਸਪੁੱਤਰ ਬਖਸ਼ੀਸ਼ ਸਿੰਘ ਅਤੇ ਜਨਜੋਤ ਸਿੰਘ ਹਨ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਸਾਜੀ-ਨਿਵਾਜੀ ਇਸ ਸੁਭਾਗੀ ਜੋੜੀ 'ਕੈਪਟਨ' ਅਜੀਤ ਸਿੰਘ ਜੀ ਅਤੇ ਬੀਬੀ

ਚਰਨਜੀਤ ਕੌਰ ਨੂੰ ਸਤਿਗੁਰੂ ਉਦੇ ਸਿੰਘ ਜੀ ਵਲੋਂ 'ਨਿਸ਼ਕਾਮ-ਸੇਵਕ' ਦੇ ਸਨਮਾਨ ਨਾਲ ਨਿਵਾਜੇ ਜਾਣ 'ਤੇ ਸਮੂਹ ਨਾਮਧਾਰੀ ਸੰਗਤ ਵਲੋਂ ਲੱਖ-ਲੱਖ ਵਧਾਈਆਂ।

**ਦੁਪਹਿਰ ਬਾਅਦ ਦਾ ਕੀਰਤਨ** ਰਾਗੀ ਬਲਵੰਤ ਸਿੰਘ-ਸਰਮੁਖ ਸਿੰਘ-ਸਤਨਾਮ ਸਿੰਘ (ਦਿਲਰੁਬਾ), ਸੁਰਜੀਤ ਸਿੰਘ (ਸਾਰੰਗੀ), ਹਰਪ੍ਰੀਤ ਸਿੰਘ-ਹਰਨਾਮ ਸਿੰਘ (ਤਬਲਾ) ਅਤੇ ਬੇਅੰਤ ਸਿੰਘ ਨੇ ਭਗਤ ਰਵਿਦਾਸ ਜੀ ਦਾ ਇਹ ਸ਼ਬਦ ਰਾਗ ਬਿਹਾਗੜਾ' ਤਿੰਨ ਤਾਲ ਵਿੱਚ ਗਾਇਨ ਕੀਤਾ ਅਤੇ ਗਾਇਨ ਦੇ ਵਿਚਕਾਰ ਦਿਲਰੁਬਾ ਤੇ ਸਾਰੰਗੀ-ਵਾਦਨ ਵੀ ਸੁਣਾਇਆ-

ਐਸੀ ਲਾਲ ਤੁਝ ਬਿਨੁ ਕਉਨ ਕਰੈ ॥
ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤਰੁ ਧਰੈ ॥
ਜਾ ਕੀ ਛੋਤਿ ਜਗਤੁ ਕਉ ਲਾਗੈ ਤਾ ਪਰ ਤੁਹੀ ਢਰੈ ॥
ਨੀਚਹੁ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨਾ ਡਰੈ ॥
ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ ॥
ਕਹਿ ਰਵੀਦਾਸ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ ॥

## ਸੰਗੀਤ-ਮਈ ਸ਼ਾਮ

### ਸਤਿਗੁਰੂ ਜਗਜੀਤ ਸਿੰਘ ਸ਼ਤਾਬਦੀ ਦੇ ਨਾਮ-

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਜੋਤੀ ਜੋਤਿ ਸਮਾ ਜਾਣ ਉਪਰੰਤ ਸਤਿਗੁਰੂ ਉਦੇ ਸਿੰਘ ਜੀ ਨੇ ਸਾਲ 2013 ਤੋਂ ਹੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਅਰੰਭ ਕੀਤੇ। ਕਦੇ ਦੋ ਅਤੇ ਕਦੇ ਤਿੰਨ ਦਿਨਾਂ ਸੰਗੀਤ ਸੰਮੇਲਨ ਹਰ ਵਰ੍ਹੇ ਹੋਰਿਹਾ ਹੈ। ਪਰ ਸਾਲ 2020 ਦੌਰਾਨ ਕਰੋਨਾ ਮਹਾਂਮਾਰੀ ਦੀਆਂ ਪਾਬੰਦੀਆਂ ਕਾਰਨ ਸੰਗੀਤ ਸੰਮੇਲਨ ਨਹੀਂ ਹੋ ਸੱਕਿਆ। ਬੇਸ਼ੱਕ ਸ੍ਰੀ ਸਤਿਗੁਰੂ ਜੀ ਦੀ ਰਜ਼ਾ ਅਨੁਸਾਰ ਸ਼ਾਸਤ੍ਰੀ ਸੰਗੀਤ ਦੇ ਉੱਚ ਕੋਈ ਦੇ ਕਲਾਕਾਰਾਂ ਦੇ ਕੁਝ ਪ੍ਰੋਗਰਾਮ ਆਨ-ਲਾਈਨ ਕਰਵਾਏ ਗਏ। ਮਹਾਂਮਾਰੀ ਦੀਆਂ ਪਾਬੰਦੀਆਂ ਦਾ ਧਿਆਨ ਰੱਖਦੇ ਹੋਏ 25 ਤੋਂ 30 ਨਵੰਬਰ ਤੱਕ ਸ਼ਤਾਬਦੀ ਮੇਲਾ ਕੀਤਾ ਗਿਆ। ਏਸੇ ਮੇਲੇ ਦੌਰਾਨ ਹੀ 29 ਨਵੰਬਰ ਸ਼ਾਮ-ਸ਼ਾਸਤ੍ਰੀ ਸੰਗੀਤ ਦੇ ਪ੍ਰਸਿੱਧ ਕਲਾਕਾਰ ਉਸਤਾਦ ਪੰਡਿਤ ਰਾਜਨ ਮਿਸ਼ਰਾ ਅਤੇ ਪੰਡਿਤ ਸਾਜਨ ਮਿਸ਼ਰਾ ਜੀ ਦੇ ਗਾਇਨ ਦਾ ਪ੍ਰੋਗਰਾਮ ਰੱਖਿਆ ਗਿਆ।

ਸੰਗੀਤ ਸੰਮੇਲਨ ਦੇ ਅਰੰਭ ਸਮੇਂ ਮੰਚ ਸੰਚਾਲਕ ਸੇਵਕ ਹਰਪਾਲ ਸਿੰਘ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਸੰਗੀਤ ਪ੍ਰੇਮ ਅਤੇ ਸੰਗੀਤ ਪ੍ਰਤੀ ਦੇਣ ਬਾਰੇ ਸੰਗਤਾਂ ਦੇ ਰੂਬਰੂ ਹੁੰਦਿਆਂ ਕਿਹਾ-

ਇਹ ਸ੍ਰੀ ਭੈਣੀ ਸਾਹਿਬ ਦੀ ਨਗਰੀ ਹੀ ਹੈ 'ਜਿਥੇ ਹਰ ਦਮ ਸਰਗਮ ਗੂੰਜੇ, ਹਰ ਗਮ ਦਏ ਨਿਵਾਰ।' ਪਦਮ ਸ੍ਰੀ ਸੁਰਜੀਤ ਪਾਤਰ ਜੀ ਦੀਆਂ ਉਪਰੋਕਤ ਸਤਰਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਾਵਨ ਯਾਦ ਨੂੰ ਸਮਰਪਿਤ ਹਨ। ਪਾਤਰ ਜੀ ਕਿਹਾ ਕਰਦੇ ਹਨ ਕਿ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਸਿੱਖਾਂ ਨੂੰ ਸਿਰਦਾਰ ਤੋਂ ਸੁਰਦਾਰ ਬਣਾਇਆ। ਆਪ, ਸਤਿਗੁਰੂ ਜੀ ਨੂੰ 'ਸਾਜ਼-ਨਿਵਾਜ਼, ਸ਼ਬਦ ਨਾਲ ਸੰਬੋਧਨ ਕਰਦੇ ਹਨ-

ਇਹ ਨੇ ਸਾਜ਼ ਤੇ
ਸਾਜ ਨਿਵਾਜ਼ ਤੂੰ
ਫਿਜ਼ਾ ਨੂੰ ਧੁਨ ਦੀ
ਉਡੀਕ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਸੰਗੀਤ ਸਰੂਪ ਅਤੇ ਸੁਰ ਦੇ ਸਾਧਕ ਸਨ। ਸੁਰ ਦਾ ਭਾਵ ਦੇਵਤਾ ਵੀ ਹੈ। ਆਪ ਜੀ ਨੇ ਬੇਸੁਰੇ ਸੁਭਾ ਵਾਲੇ ਮਨੁੱਖਾਂ ਭਾਵ ਅਸੁਰਾਂ ਨੂੰ ਸੁਰ ਕੀਤਾ- ਜਿਨ ਮਾਨਸ ਤੇ ਦੇਵਤੇ ਕੀਏ। -ਐਸੇ ਮਹਾਨ ਸਤਿਗੁਰੂ ਸਨ- ਸਤਿਗੁਰੂ ਜਗਜੀਤ ਸਿੰਘ ਜੀ। ਆਪ ਜੀ ਦੇ ਨਿਵਾਸ ਅਸਥਾਨ ਬਾਗ ਵਾਲੀ ਕੋਠੀ ਵਿੱਚ ਸ਼ਾਮ ਨੂੰ ਬਹੁਤ ਪੰਛੀ ਬੋਲਦੇ, ਸਤਿਗੁਰੂ ਜਗਜੀਤ ਸਿੰਘ ਜੀ ਹੁਕਮ ਕਰਕੇ ਉਨ੍ਹਾਂ ਦੀਆਂ ਅਵਾਜ਼ਾਂ ਰਿਕਾਰਡ ਕਰਵਾਉਂਦੇ ਪਰ ਜੇ ਕਿਤੇ ਬੇਸੁਰਾ ਕਾਂ ਬੋਲਦਾ ਤਾਂ ਉਹਨੂੰ ਉਡਾਉਣ ਵਾਸਤੇ ਹੁਕਮ ਕਰਦੇ। 'ਅਸੁਰ, ਕੁੱਤੇ ਨੂੰ ਨੇੜੇ ਭੌਂਕਣ ਨਾ ਦੇਂਦੇ। ਆਪ ਜੀ ਦੀ ਬਖਸ਼ਿਸ਼ ਸਦਕਾ ਅੱਜ ਨਾਮਧਾਰੀ ਪੰਥ ਵਿੱਚ ਸੈਂਕੜੇ ਸੰਗੀਤ ਕਾਰ ਹਨ- ਕੱਲ ਹੀ ਸੌ ਤੋਂ ਵੱਧ ਸੰਗੀਤਕਾਰਾਂ ਨੇ ਇੱਕਠਿਆਂ ਆਰਕੈਸਟਰਾ ਅਤੇ ਸ਼ਬਦ ਗਾਇਨ ਪੇਸ਼ ਕੀਤਾ। ਸ਼ਾਸਤ੍ਰੀ ਸੰਗੀਤ ਜਗਤ ਦੇ ਵੱਡੇ ਹਸਤਾਖਰ ਪੰ: ਰਾਜਨ ਅਤੇ ਪੰ: ਸਾਜਨ ਮਿਸ਼ਰਾ ਬੰਧੂ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਾਜੇ ਅਤੇ ਨਿਵਾਜੇ ਕਲਾਕਾਰ ਹਨ। ਸ੍ਰੀ ਸਤਿਗੁਰੂ ਜੀ ਦੇ ਸਹਿਯੋਗ, ਰਹਿਨੁਮਾਈ ਅਤੇ ਵਿਸ਼ੇਸ਼ ਬਖਸ਼ਿਸ਼ ਸਦਕਾ ਹੀ ਅੱਜ ਇਸ ਉੱਚ ਮੁਕਾਮ ਤੇ ਪੁੱਜੇ ਹਨ। 'ਸੰਗੀਤ-ਸਰੂਪ-ਸਤਿਗੁਰੂ, ਡਾਕੂਮੈਂਟਰੀ ਵਿੱਚ ਸ੍ਰੀ ਸਤਿਗੁਰੂ ਜੀ ਬਾਰੇ **ਪੰ: ਰਾਜਨ ਮਿਸ਼ਰਾ ਜੀ ਦੇ ਸ਼ਬਦ ਹਨ: ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਗੀਤ ਕੇ ਲੀਏ ਜੋ ਕੀਆ ਹੈ ਵੋ**

**ਕੋਈ ਸੰਗੀਤ ਉਸਤਾਦ ਭੀ ਨਹੀਂ ਕਰ ਸਕਤਾ। ਐਸੇ ਸਮਯ ਮੇਂ ਆਪ ਜੈਸਾ ਮਹਾਨ ਗੁਰੂ ਹੋਨਾ ਬਹੁਤ ਮੁਸ਼ਕਿਲ ਬਾਤ ਹੈ, ਆਪ ਕੇ ਮਸਤਿਕਸ਼ ਮੇਂ ਚੌਬੀਸ ਘੰਟੋਂ ਸੰਗੀਤ ਚਲਤਾ ਰਹਿਤਾ ਹੈ–**

ਸੰਗੀਤ ਸੰਮੇਲਨ ਦੀ ਜੋਤ ਪ੍ਰਜਵਲਿਤ ਕਰਨ ਦੀ ਰਸਮ ਸ੍ਰੀ ਸਤਿਗੁਰੂ ਜੀ ਦੇ ਨਾਲ ਪੰ: ਰਾਜਨ-ਸਾਜਨ ਮਿਸ਼ਰਾ ਜੀ ਉ: ਹਰਭਜਨ ਸਿੰਘ, ਸੁਰਜੀਤ ਸਿੰਘ ਜੀ ਸਾਰੰਗੀ ਅਤੇ ਬਵੰਲਤ ਜੀ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਤਸਵੀਰ ਅੱਗੇ ਜੋਤ ਜਗਾ ਕੇ ਅਦਾ ਕੀਤੀ।

ਪੰ: ਰਾਜਨ ਮਿਸ਼ਰਾ ਜੀ ਅਤੇ ਪੰਡਤ ਸਾਜਨ ਮਿਸ਼ਰਾ ਜੀ ਜਿਉਂ ਹੀ ਮੰਚ ਤੇ ਹਾਜ਼ਰ ਹੋਏ, ਸੰਗਤਾਂ ਨੇ ਭਰਪੂਰ ਤਾੜੀਆਂ ਨਾਲ ਆਪ ਦਾ ਅਭਿਨੰਦਨ ਕੀਤਾ। ਆਪ ਨਾਲ ਤਬਲੇ ਤੇ ਸੰਗਤ ਕਰਨ ਲਈ ਮੰਚ ਤੇ ਹਾਜ਼ਰ ਹੋਏ ਪੰ: ਅਭਿਸ਼ੇਕ ਜੀ ਜੋ ਬਨਾਰਸ ਘਰਾਣੇ ਦੀ ਸਤਵੀਂ ਪੀੜ੍ਹੀ ਹਨ ਅਤੇ ਹਰਮੋਨੀਅਮ ਤੇ ਪੰ: ਸੁਮਿਤ ਮਿਸ਼ਰਾ ਜੀ। ਨਾਲ ਤਾਨਪੁਰੇ ਤੇ ਉਸਤਾਦ ਮਿਸ਼ਰਾ ਬੰਧੂਆਂ ਦੇ ਹੀ ਸ਼ਾਗਿਰਦ ਸਾਜਨ ਸਿੰਘ ਨਾਮਧਾਰੀ ਅਤੇ ਵੀਰ ਸਿੰਘ ਨਾਮਧਾਰੀ ਵੀ ਮੰਚ ਤੇ ਹਾਜ਼ਰ ਹੋਏ। ਸੁੰਦਰ ਸਜੇ ਪੰਡਾਲ ਵਿੱਚ ਮੰਚ ਦੇ ਸਾਮ੍ਹਣੇ ਸੋਫੇ ਤੇ ਸ੍ਰੀ ਸਤਿਗੁਰੂ ਜੀ ਸੁਸ਼ੋਭਿਤ ਸਨ ਅਤੇ ਪੰਡਾਲ ਹੰਸਾਂ ਵਰਗੀ ਦੁੱਧ-ਚਿੱਟੀ ਰੌਣਕ ਨਾਲ ਭਰਪੂਰ ਸੀ–

ਗਾਇਨ ਅਰੰਭ ਕਰਨ ਤੋਂ ਪਹਿਲਾਂ **ਪੰ: ਸਾਜਨ ਜੀ ਸੰਗਤਾਂ ਨੂੰ ਸੰਬੋਧਨ ਹੋਏ:**

**"ਆਜ ਹਮੇਂ ਇਤਨੀ ਖੁਸ਼ੀ ਹੋ ਰਹੀ ਹੈ ਕਿ ਹਮ ਆਜ ਫਿਰ ਅਪਨੇ ਘਰ ਵਾਪਸ ਆਏ ਹੈਂ। ਸਤਿਗੁਰੂ ਜੀ ਕੀ ਹਮ ਲੋਗੋਂ ਪਰ ਬੜੀ ਕਿਰਪਾ ਰਹੀ ਹੈ ਸ਼ੁਰੂ ਸੇ ਹੀ। ਹਮਾਰੇ ਮਿੱਤਰ ਗੁਰਦੇਵ ਸਿੰਘ (ਸਰੋਦਵਾਦਕ) ਨੇ ਹਮੇਂ ਸਤਿਗੁਰੂ ਜੀ ਕੇ ਚਰਨੋਂ ਕੇ ਦਰਸ਼ਨ ਕਰਵਾਏ। ਹਮਾਰੇ ਪੂਰੇ ਪਰਵਾਰ ਪਰ ਹਮੇਸ਼ਾਂ ਸਤਿਗੁਰੂ ਜੀ ਕੀ ਬਹੁਤ ਕਿਰਪਾ ਰਹੀ ਹੈ ਔਰ ਅਭੀ ਭੀ ਵੋ ਹਮਾਰੇ ਹਿਰਦਯ ਮੇਂ ਹੈਂ, ਔਰ ਉਨੀ ਕੀ ਕਿਰਪਾ ਸੇ ਹਮ ਗਾਤੇ ਹੈਂ। ਆਜ ਸਤਿਗੁਰੂ (ਉਦੇ ਸਿੰਘ) ਜੀ ਬੈਠੇ ਹੂਏ ਹੈ, ਉਨਸੇ ਆਗਿਆ ਲੇ ਕਰ ਹਮ ਸ਼ੁਰੂ ਕਰੇਂਗੇ। ਥੋੜੀ ਦੇਰ ਰਾਗ 'ਸ੍ਰੀ' ਗਾਏਂਗੇ, ਔਰ ਉਸਕੇ ਬਾਅਦ ਜੋ ਰਚਨਾਏਂ ਹਮਨੇ ਸਤਿਗੁਰੂ ਜੀ ਸੇ ਸੀਖੀ ਹੈਂ, ਵੋ ਤੀਨ ਚਾਰ ਰਚਨਾਏ ਗਾਏਂਗੇ।**

**ਸੰਗੀਤ ਹਮਾਰੀ ਪੂਜਾ ਹੈ, ਸਤਿਗੁਰੂ ਜੀ ਕੇ ਚਰਨੋਂ ਮੇਂ ਪੂਜਾ ਅਰਪਨ ਕਰਨੇ ਜਾ ਰਹੇ ਹੈਂ। ਸਤਿਗੁਰੂ ਜੀ ਔਰ ਸਭੀ ਸੰਗਤ ਹਮੇਂ ਆਸ਼ੀਰਵਾਦ ਦੀਜੀਏ, ਬਹੁਤ ਬਹੁਤ ਧੰਨਯਵਾਦ।**

ਮਧੁਰ, ਭਰਵੇਂ ਅਤੇ ਸੁਰੀਲੇ ਕੰਠ ਤੋਂ ਰਾਗ 'ਸ੍ਰੀ, ਵਿਲੰਭਤ ਤਿੰਨ ਤਾਲ 'ਚ ਗਾਇਨ ਅਰੰਭ ਹੋਇਆ–

ਧੇਨੂ ਚਰਾ ਕੇ ਆਵਤ ਕਾਨ੍ਹਾ
ਸਾਂਝ ਭਈ ਸਭ ਘਰ ਕੇ ਦੀਪ ਜਲੇ॥

ਅਰੰਭ ਵਿੱਚ ਹੀ ਸੰਗੀਤ ਦਾ ਜਾਦੂ, ਸ਼ਬਦਾਂ ਨੂੰ ਰੂਪਮਾਨ ਕਰ ਰਿਹਾ ਸੀ ਜਿਵੇਂ ਭਗਵਾਨ ਕ੍ਰਿਸ਼ਨ ਗਊਆਂ ਲੈ ਕੇ ਗੋਕੁਲ 'ਚ ਪ੍ਰਵੇਸ਼ ਕਰ ਰਹੇ ਹੋਣ, ਚੌਫੇਰੇ ਹਨੇਰਾ ਪਸਰ ਰਿਹਾ ਹੋਵੇ ਪਰ ਨਗਰੀ 'ਚ ਭਗਵਾਨ ਦੇ ਰੌਸ਼ਨ ਮੁੱਖ ਮੰਡਲ ਦਾ ਪ੍ਰਕਾਸ਼ ਇਵੇਂ ਹੋਇਆ ਜਿਵੇਂ ਸੈਂਕੜੇ ਦੀਪਕ ਪ੍ਰਕਾਸ਼ਮਾਨ ਹੋ ਗਏ ਹੋਣ।

ਉਪਰੰਤ ਸੰਗੀਤ ਦੇ ਮਹਾਨ ਗਾਇਕਾਂ ਨੇ ਰਾਗ 'ਸ੍ਰੀ' ਵੱਡਾ ਖਿਆਲ ਇੱਕ ਤਾਲ 'ਚ ਪੇਸ਼ ਕੀਤਾ। ਪੰ: ਸਾਜਨ ਮਿਸ਼ਰਾ ਜੀ ਨੇ ਦੱਸਿਆ ਕਿ ਯਹ ਚੀਜ਼ (ਬੰਦਿਸ਼) ਹਮਾਰੇ ਸੰਗੀਤ ਗੁਰੂ ਬੜੇ ਰਾਮਦਾਸ ਜੀ ਕੀ ਹੈ: ਬੋਲ ਹਨ:
ਜਗਤ ਵਿਧਾਤਾ, ਸਭ ਕੇ ਦਾਤਾ, ਰਾਮਦਾਸ ਬਿਨਤੀ ਕਰਤ॥
ਦੀਨਾ ਨਾਥ ਜਗਤ ਪਾਲਨ ਹਾਰ ਦਇਆਲ ਪ੍ਰਭੂ।
ਅਬ ਮੋਰੀ ਬਾਹੀਂ ਗਹੋ, ਭਵ ਸਾਗਰ ਸੇ ਪਾਰ ਕਰੋ।

ਇਸ ਬੰਦਿਸ਼ ਦਾ ਗਾਇਨ ਸੀ ਕਿ ਜਿਵੇਂ ਗੁਰੂ ਪਿਆਰੀ ਸੰਗਤ ਦੀ ਵੇਦਨਾ ਸਤਿਗੁਰੂ ਜਗਜੀਤ ਸਿੰਘ ਅੱਗੇ ਪੇਸ਼ ਕੀਤੀ ਜਾ ਰਹੀ ਹੋਵੇ। ਭਗਤ ਵਲੋਂ ਭਗਵਾਨ ਅੱਗੇ ਜਾਂ ਗੁਰੂ ਦੇ ਸਨਮੁਖ ਸਿੱਖ ਦੀ ਬੇਨਤੀ ਪੰਚਮ ਪਾਤਸ਼ਾਹ ਰਾਗ ਗਉੜੀ ਬੈਰਾਗਨਿ ਵਿੱਚ ਉਚਾਰਦੇ ਹਨ–

ਜੀਅ ਪ੍ਰਾਣ ਸੁਖਦਾਤਿਆ ਨਿਮਖ ਨਿਮਖ ਬਲਿਹਾਰ ਜੀ॥
ਹਸਤ ਅਲੰਬਨੁ ਦੇਹੁ ਪ੍ਰਭੁ ਗਰਤਹੁ ਉਧਰੁ ਗੋਪਾਲ॥

ਉਸਤਾਦ ਮਿਸ਼ਰਾ ਬੰਧੂਆਂ ਵਲੋਂ ਗਾਇਆ ਜਾ ਰਿਹਾ ਭਜਨ ਜਿਵੇਂ ਉਪਰੋਕਤ ਗੁਰਵਾਕ ਦੀ ਵਿਆਖਿਆ ਹੀ ਕਰ ਰਿਹਾ ਸੀ। ਰਾਗ 'ਸ੍ਰੀ, ਦਾ ਹੀ ਇਕ ਪ੍ਰਕਾਰ ਇਕ ਹੋਰ ਬੰਦਿਸ਼

'ਮਾਲਨੀਆਂ ਗੁੰਦ ਲਾਵਉ।
ਚਨੁ ਚੁਨ ਕਲੀਆਂ ਸੇਜ ਬਿਛਾਊਂ॥ '

ਗਾਇਨ ਕੀਤਾ ਗਿਆ।

ਗਾਇਨ ਸੀ ਕਿ ਵੇਦਨਾ ਬਣ ਗਿਆ ਸੀ- ਪ੍ਰੇਮ ਰਸ, ਭਗਤੀ ਰਸ, ਵੈਰਾਗ-ਰਸ ਦੀ ਬੰਦਿਸ਼, ਜੋ ਆਪ ਨੇ ਸ੍ਰੀ ਸਤਿਗੁਰੂ ਜੀ ਤੋਂ ਹੀ ਸਿੱਖੀ ਸੀ, ਰਾਗ ਮਾਲਕੌਂਸ ਪੰਜਾਬੀ ਠੇਕੇ ਦੀ ਬੰਦਿਸ਼ ਦਾ ਗਾਇਨ ਅਰੰਭ ਹੋਇਆ ਠੇਠ ਪੰਜਾਬੀ ਦੇ ਬੋਲ ਹਨ-

ਯਾ ਰੱਬਾ ਮੇਰੀ ਬੇੜੀ ਨੂੰ ਪਾਰ ਲੰਘਾ ਦੇ....
ਆਪਣਾ ਤੂੰ ਫਜ਼ਲ ਕਰੀਂ,
ਛਿੜੀ ਮੰਝ ਧਾਰ, ਘਾਟ ਨਾ ਆਵੇ ਨੇੜੇ
ਨਾ ਬੇੜੀ ਨਾ ਮਲਾਹ।

ਇਹ ਬੰਦਿਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕਿਸੇ ਇਲਾਹੀ ਰੰਗ ਵਿੱਚ ਗਾਇਆ ਕਰਦੇ ਸਨ- ਪੰ: ਰਾਜਨ ਜੀ ਨੇ ਬੰਦਿਸ਼ ਦਾ ਗਾਇਨ ਸ਼ੁਰੂ ਕਰਨ ਤੋਂ ਪਹਿਲੋਂ ਸ੍ਰੋਤਿਆਂ ਨਾਲ ਕੁਝ ਸ਼ਬਦ ਸਾਂਝੇ ਕੀਤੇ- **'ਅਬ ਸਤਿਗੁਰੂ ਜੀ ਸੇ ਪ੍ਰਾਪਤ ਕੁਛ ਰਚਨਾਏਂ ਸੁਨਾ ਰਹੇ ਹੈਂ, ਉਨਕਾ ਅਸ਼ੀਰਵਾਦ ਲੀਆ ਹੈ, ਏਕ ਬਾਰ ਜੀਵਨ ਨਗਰ ਮੇਂ ਸਤਿਗੁਰੂ ਜੀ ਸਾਢੇ ਚਾਰ ਘੰਟੇ ਅਕੇਲੇ ਗਾਏ, ਬੋਲੇ, 'ਮੇਰਾ ਤੋ ਰਿਆਜ਼ ਨਹੀਂ ਹੈ, ਹਮਨੇ ਕਹਾ, 'ਬਿਨਾਂ ਰਿਯਾਜ਼ ਕੇ ਸਾਢੇ ਚਾਰ ਘੰਟੇ ਗਾ ਰਹੇ ਹੈਂ, ਰਿਆਜ਼ ਕਰੇਂਗੇ ਤੋ ਕਿਆ ਹੋਗਾ। ਐਸੀ ਉਨਕੇ ਸਾਥ ਬਿਤਾਏ ਪਲੋਂ ਕੀ ਅਨੇਕ ਯਾਦੇਂ ਹੈਂ- ਉਸਤਾਦ ਵਿਲਾਇਤ ਖਾਂ ਸਾਹਿਬ ਯਹੀਂ (ਭੈਣੀ ਸਾਹਿਬ) ਥੇ, ਝੂਲੈ ਮੇਂ ਬੈਠੇ ਹੂਏ ਥੇ, ਸਤਿਗੁਰੂ ਜੀ ਕੇ ਸਾਥ ਹਮ ਭੀ ਔਰ ਖਾਂ ਸਾਹਿਬ ਭੀ, ਖਾਂ ਸਾਹਿਬ ਨੇ ਕਹਾ, 'ਹਜ਼ੂਰ, ਰਾਜਨ ਬਈਆ, ਸਾਜਨ ਬਈਆ ਨੇ ਕਿਤਨਾ ਅੱਛਾ ਗਾਇਆ- ਤੋ ਸਤਿਗੁਰੂ ਜੀ ਬੋਲੇ: ਇਨਕੀ ਆਦਤ ਹੀ ਹੈ ਅੱਛਾ ਗਾਨੇ ਕੀ। ਹਮਾਰੇ ਲੀਏ ਤੋ ਯੇ ਵਚਨ ਵਰਦਾਨ ਹੋ ਗਏ। ਐਸੀ ਉਨਕੀ ਕਿਰਪਾ ਰਹੀ ਹੈ ਹਮਾਰੇ ਉੱਪਰ। ਦੇਖੇਂ: ਕਯਾ ਰਚਨਾਏਂ ਹੈ ਉਨਕੀ-**

ਬੜੀ ਹੀ ਭਾਵਨਾਤਮਕ ਪੇਸ਼ਕਾਰੀ ਸੀ-

ਯਾ ਰੱਬਾ ਮੇਰੀ ਬੇੜੀ ਨੂੰ ਪਾਰ ਲੰਘਾ ਦੇ.......

ਇਸ ਬੰਦਿਸ਼ ਦੇ ਗਾਇਨ ਉਪਰੰਤ ਰਾਗ ਮਾਲਕੌਂਸ, ਝੱਪਤਾਲ ਦੀ ਇਕ ਹੋਰ ਬੰਦਿਸ਼ ਦਾ ਗਾਇਨ ਕੀਤਾ। ਸ਼ਬਦ

**ਪੰਚਮ ਪਾਤਸ਼ਾਹ ਦਾ ਸ੍ਰੀ ਮੁਖ ਵਾਕ ਹੈ-**

**ਨਾਨਕ ਬਿਜੁਲੀਆ ਚਮਕੰਨਿ**
**ਘੁਰਨਿ ਘਟਾ ਅਤਿ ਕਾਲੀਆ॥**
**ਬਰਸਨਿ ਮੇਘ ਅਪਾਰ ਨਾਨਕ**
**ਸੰਗਮਿ ਪਿਰੀ ਸੁਹੰਦੀਆ॥**

**ਪੰਡਤ ਰਾਜਨ ਜੀ ਨੇ ਦੱਸਿਆ ਕਿ 'ਏਕ ਬਾਰ ਜਬ ਹਮ ਸਤਿਗੁਰੂ ਜੀ ਕੇ ਸਾਥ ਕੀਨੀਆ ਗਏ ਥੇ। ਵਹਾ ਯੇ ਬੰਦਿਸ਼ ਬਨਾਯਾ ਥਾ ਉਨਹੋਂ ਨੇ, ਇਸ ਬੰਦਿਸ਼ ਮੇਂ ਸਤਿਗੁਰੂ ਜੀ ਕਾ 'ਸੰਗਮ ਪਿਰੀ, ਮੇਂ 'ਰੀ, ਲਗਾਨੇ ਕਾ ਅੰਦਾਜ਼ ਅਦਭੁਤ ਥਾ, ਦਿਲ ਪਰ ਚੋਟ ਲਗਤੀ ਥੀ।**

**ਹਮ ਲੋਗੋਂ ਕਾ ਸੁਭਾਗਯ ਹੈ ਕਿ ਐਸੇ ਮਹਾਨ ਆਤਮਾਓਂ, ਪਰਮ ਆਤਮਾ ਕੇ ਸਾਥ ਬੈਠਨੇ ਕਾ ਸੁਅਵਸਰ ਮਿਲਾ, ਜਿਨਕੋ ਨਹੀਂ ਮਿਲਾ ਵੋ ਨਹੀਂ ਸਮਝ ਸਕਤੇ ਕਿ ਕਿਆ ਥੇ ਵੋ। ਕੈਸੇ ਸਿੱਧ ਪੁਰਸ਼ ਥੇ। ਜੋ ਚਾਹਤੇ ਥੇ ਹੋ ਜਾਤਾ ਥਾ। ਜਿਸਕੋ ਅਸ਼ੀਰਵਾਦ ਦੇ ਦੀਆ ਵੋ ਹੋ ਗਯਾ। ਹਮ ਲੋਗ ਉਨਮੇਂ ਸੇ 'ਏਕ, ਹੈਂ, ਉਨਹੋ ਨੇ ਥਾਪੜਾ ਦੇ ਦੀਆ ਤੋ ਆਜ ਹਮ ਪੂਰੇ ਵਿਸ਼ਵ ਮੇਂ ਗਾ ਬਜਾ ਰਹੇ ਹੈਂ।**

ਸ੍ਰੀ ਸਤਿਗੁਰੂ ਜੀ ਤੋਂ ਸਿੱਖੀ ਰਾਗ ਸ਼ੰਕਰਾ ਝੱਪਤਾਲ ਦੀ ਇਕ ਬੰਦਿਸ਼-

ਖਵਾਜ਼ੇ ਮੋਈਨੂਦੀਨ ਪੀਰ ਅਜਮੇਰ ਆਏ।
ਚਿਸ਼ਤੀ ਚਾਰ ਚੌਦਾ ਤਪਕ ਜਗ ਮਗਾਏ॥

ਦਾ ਰਸ ਭਿੰਨਾ ਗਾਇਨ ਕਰਦਿਆਂ ਪੰ: ਸਾਜਨ ਜੀ ਨੇ ਕਿਹਾ- ਯੇ ਅਨਮੋਲ ਚੀਜ ਹੈ, ਇਸਕਾ ਕੋਈ ਵੈਲਯੂ ਨਹੀਂ। ਥੇ ਚਾਰ ਤੁਕ ਕੀ ਚੀਜ਼ ਹੈ, ਸਤਿਗੁਰੂ ਜੀ ਨੇ ਹਮੇਂ ਅਕੇਲੇ ਮੇਂ ਕਹਾ 'ਜਹਾਂ ਗਾਨਾ, ਦੋ (ਤੁਕ) ਹੀ ਗਾਨਾ, ਚਾਰੋਂ ਮਤ ਗਾਨਾ, ਅਸਥਾਈ ਔਰ ਅੰਤਰਾ ਗਾਨਾ, ਸੰਚਾਰੀ, ਆਭੋਗ ਮਤ ਗਾਨਾ। ਯੇ ਆਪ ਕੋ ਸਿਖਾਈ ਹੈ, ਆਪਕੇ ਲੀਏ ਹੈ- **ਇਸਤਰ੍ਹਾਂ ਬੰਦਿਸ਼ਾਂ ਦਾ ਗਾਇਨ ਕਰਦੇ ਪੰ: ਸਾਜਨ ਜੀ ਵਾਰ-ਵਾਰ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀਆਂ ਯਾਦਾਂ ਸੰਗਤਾਂ ਨਾਲ ਸਾਂਝੀਆਂ ਕਰਦੇ, ਬਲਿਹਾਰ ਜਾਂਦੇ, ਸਤਿਗੁਰੂ ਜੀ ਦਾ ਨਾਮ ਲੈ, ਗੁਰ ਅਭਿਨੰਦਨ 'ਚ ਹੱਥ ਜੋੜ ਸੀਸ ਝੁਕਾਉਂਦੇ।** ਸ੍ਰੀ ਸਤਿਗੁਰੂ ਜੀ ਤੋਂ ਹੀ ਸਿੱਖੀ ਇਕ ਹੋਰ ਬੰਦਿਸ਼ ਰਾਗ ਮਾਲਸਿਰੀ ਪੰਚਮ ਸਵਾਰੀ ਵਿੱਚ ਪੇਸ਼ ਕੀਤੀ:

ਆਵਨ ਕਹਿ ਗਏ,
ਅਜਹੂੰ ਨਾਂ ਆਏ,
ਆਵਨ ਕੇ ਦਿਨ ਬੀਤੇ॥
ਲਿਖ-ਲਿਖ ਚਿੱਠੀਆਂ
ਪੀਆ ਵਲ ਭੇਜੂੰ
ਹਮ ਹਾਰੇ ਤੁਮ ਜੀਤੇ।

ਬੰਦਿਸ਼ ਦੇ ਬੋਲ ਅਤੇ ਵੈਰਾਗ ਰਸ ਵਿੱਚ ਗਾਇਨ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਦੀ ਆਸ ਨੇ, ਗੁਰੂ ਪ੍ਰੇਮੀ ਸੰਗਤਾਂ ਨੂੰ ਵੈਰਾਗੀ ਕਰ ਦਿੱਤਾ।

ਆਪ ਨੇ ਕਿਹਾ 'ਸਾਧੋ ਐਸਾ ਹੀ ਗੁਰੂ ਭਾਵੇ, ਗਾ ਕਰ ਸਮਾਪਤ ਕਰੇਂਗੇ ਉਸਸੇ ਪਹਿਲੇ ਏਕ ਛੋਟਾ ਸਾ ਭਜਨ- ਹੇ ਜਨਨੀ-

ਮੈਂ ਨ ਜੀਊਂ ਬਿਨ ਰਾਮ
ਰਾਮ ਲਖਨ ਸੀਆ ਬਨ ਕੋ ਗਵਨ ਕੀਨੋ,
ਪਿਤਾ ਗਏ ਸੁਰ ਧਾਮ॥

ਤੁਲਸੀ ਦਾਸ ਜੀ ਦੀ ਰਚਨਾ, ਜਿਵੇਂ ਪਿਤਾ- ਦਸਰਥ ਅਤੇ ਬਾਬਾ ਜੱਸਾ ਸਿੰਘ ਜੀ ਦੀ ਵੇਦਨਾ ਬਿਆਨ ਕਰ ਰਹੀ ਸੀ। ਅੱਜ ਦਾ ਸ਼ਾਸਤ੍ਰੀ ਸੰਗੀਤ ਦਾ ਗਾਇਨ ਨਾਮਧਾਰੀ ਸੰਗਤਾਂ ਦੇ ਹਿਰਦੇ ਦੀ ਅਵਸਥਾ ਸੀ, ਵੇਦਨਾ ਸੀ ਅਤੇ ਸੋਨੇ 'ਚ ਸੁਗੰਧੀ ਵਰਗੀ ਪੇਸ਼ਕਾਰੀ ਸੀ। ਮਿਸ਼ਰਾ ਬੰਧੂਆਂ ਦੀ ਸੁਰੀਲੀ ਗਾਇਕੀ ਕਦੇ ਸਾਗਰ ਦੀਆਂ ਗਹਿਰਾਈਆਂ ਤੱਕ ਲੈ ਜਾਂਦੀ ਅਤੇ ਕਦੇ ਸਿਤਾਰਿਆਂ ਤੱਕ ਪੁੱਜ ਜਾਂਦੀ ਅਤੇ ਕਦੇ ਸਿਤਾਰੇ ਜਿਵੇਂ ਜ਼ਮੀਨ ਤੇ ਆ ਕੇ ਗੁਰੂ ਉਪਮਾਂ ਦੀ ਆਰਤੀ ਕਰ ਰਹੇ ਹੁੰਦੇ। ਅਬ ਅੰਤ ਮੇਂ ਸਤਿਗੁਰੂ ਜੀ ਕੇ ਚਰਨੋਂ ਮੇਂ- ਸਤਿਗੁਰੂ ਜਗਜੀਤ ਸਿੰਘ ਜੀ ਕੀ ਉਸਤਤ ਮੇਂ, ਉਨਕੀ ਸ਼ੋਭਾ ਕੀ ਪ੍ਰਕਰਮਾਂ ਕਰਤਾ ਹੂਆ ਏਕ ਭਜਨ ਪੇਸ਼ ਕਰੇਂਗੇ-

ਸਾਧੋ ਐਸਾ ਹੀ ਗੁਰੂ ਭਾਵੇ।
ਜੋ ਰਾਗ ਰੰਗ ਕਾ ਭਰ-ਭਰ ਪਿਆਲਾ,
ਪੀਵੇ ਔਰ ਪਿਲਾਵੇ।
ਨਾਦ ਛਿਪਾ ਤਨ ਮੇਂ, ਲਯ ਮਨ ਮੇਂ,
ਕੋਊ ਪਤਾ ਨਾ ਪਾਵੇ।
ਚਾਂਦ ਸੂਰਜ ਕਾ ਲੋਚਨ ਗੁਰੂ ਕਾ,
ਦੇਖੇ ਔਰ ਦਿਖਾਵੇ।
ਪਰਮ ਹੰਸ ਗੁਰੂ, ਅੰਸ ਰੂਪ ਜਬ,
ਹਿਰਦੇ ਬੀਚ ਬਿਰਾਜੇ।
ਸਾਤ ਸੁਰੋਂ ਕੀ ਵਾਣੀ ਮੇਰੀ,
ਓਮਕਾਰ ਧੁਨ ਗਾਵੇ॥

ਅੰਤਲਾ ਭਜਨ ਪੰਡਿਤ ਮਿਸ਼ਰਾ ਬੰਧੂਆਂ ਨੇ ਐਸੇ ਭਗਤੀ ਭਾਵ ਨਾਲ ਗਾਇਆ ਕਿ ਗਾਇਕ ਅਤੇ ਸ੍ਰੋਤੇ, ਸਮੁੱਚੀ ਸੰਗਤ ਪ੍ਰੇਮਾਂ ਭਗਤੀ ਦੀ ਰੰਗਨ ਵਿੱਚ ਵਿਸਮਾਦ ਅਵਸਥਾ ਵਿੱਚ ਪੁੱਜ ਗਈ, ਭਜਨ ਸੰਪੂਰਨ ਹੋਇਆ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸਾਕਸ਼ਾਤ ਜਾਣ ਗਾਇਕ ਬੰਧੂਆਂ ਅਤੇ ਸਾਰੀ ਸੰਗਤ ਦੇ ਹੱਥ ਜੁੜ ਗਏ ਅਤੇ ਸੀਸ ਝੁਕ ਗਏ।

**ਸ਼ਤਾਬਦੀ ਮੇਲੇ ਦੇ ਪੰਜਵੇਂ ਦਿਨ ਦੀ ਸ਼ਾਮ ਸੰਗੀਤ-ਸਰੂਪ-ਸਤਿਗੁਰੂ ਸੱਚੇ-ਪਾਤਸ਼ਾਹ ਜੀ ਦੀ ਮਿੱਠੀ, ਪਿਆਰੀ ਅਤੇ ਨਿੱਘੀ ਯਾਦ ਦੇ ਨਾਮ ਸੰਪੂਰਨ ਹੋਈ। ਆਕਾਸ਼ ਵਿੱਚ ਚੌਦਵੀਂ ਦਾ ਚੰਨ ਪੂਰੇ ਜੋਬਨ ਤੇ ਚਮਕ ਰਿਹਾ ਸੀ, ਮੋਤੀਆਂ ਵਾਂਗ ਅਕਾਸ਼ ਵਿੱਚ ਸਿਤਾਰੇ ਚੰਨ ਦੀ ਪਰ ਕਰਮਾਂ ਕਰ ਰਹੇ ਜਾਪਦੇ ਸਨ, ਸਤਿਗੁਰੂ ਪ੍ਰੇਮ ਦੀ ਚਾਨਣੀ ਨਾਲ ਰੌਸ਼ਨ ਗੁਰੂ-ਪ੍ਰੇਮੀਆਂ ਦੇ ਹਿਰਦੇ ਸਰਸ਼ਾਰ ਸਨ। ਮਹਿਸੂਸ ਹੋ ਰਿਹਾ ਸੀ ਕਿ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਦਿਲ ਦੀ ਧੜਕਣ ਵਾਂਗ ਸਾਡੇ ਅੰਗ-ਸੰਗ ਹਨ, ਸ਼ਾਹ-ਰਗ ਤੋਂ ਵੀ ਨੇੜੇ-**

**ਤੁਮੇਂ ਯਾਦ ਕਰਨਾ ਭੀ**
**ਅਬ ਦਿਲ ਕਾ ਧੜਕਨਾ ਸਾ ਬਨ ਗਯਾ ਹੈ,**
**ਪਤਾ ਨਹੀਂ ਜ਼ਿੰਦਗੀ ਸਾਂਸੋਂ ਸੇ ਚਲਤੀ ਹੈ**
**ਯਾ ਤੇਰੀ ਯਾਦੋਂ ਸੇ॥**

**ਸੰਗੀਤ ਸਭਾ ਸਮਾਪਤ ਨਹੀਂ, ਸੰਪੂਰਨ ਹੋਈ ਕਿਉਂਕਿ ਸਮਰੱਥ ਸਤਿਗੁਰੂ ਦੇ ਪ੍ਰੇਮ ਦਾ ਸੰਗੀਤ ਤਾਂ ਅਨਹਦ- ਨਾਦ ਵਾਂਗ ਸਭ ਦੇ ਹਿਰਦਿਆਂ ਵਿੱਚ ਅਜੇ ਵੀ ਚਲ ਰਿਹਾ ਸੀ- ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਤਸਵੀਰ ਵਾਲੇ ਯਾਦਗਾਰੀ ਚਿੰਨ੍ਹ ਪੰਡਿਤ ਮਿਸ਼ਰਾ ਬੰਧੂਆਂ ਤੇ ਸਾਥੀ ਕਲਾਕਾਰਾਂ ਨੂੰ ਬਖਸ਼ੇ।**

**੧੬ ਮੱਘਰ, 30 ਨਵੰਬਰ 2020, ਸੋਮਵਾਰ**

**ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ**

ਰਾਗੀ ਬਲਵੰਤ ਸਿੰਘ-ਸਰਮੁਖ ਸਿੰਘ-ਹਰਵਿੰਦਰ ਸਿੰਘ-ਸਤਨਾਮ ਸਿੰਘ (ਦਿਲਰੁਬਾ), ਹਰਪ੍ਰੀਤ ਸਿੰਘ-ਸ਼ਾਮ ਸਿੰਘ (ਤਬਲਾ), ਈਸ਼ਰ ਸਿੰਘ (ਤਾਰਸ਼ਹਿਨਾਈ) ਤੇ ਇਕਾਬਲ

ਸਿੰਘ ਨੇ ਰਲ ਕੇ ਗਾਇਨ ਕੀਤਾ। ਉਪਰੰਤ 9 ਲੜਕੇ-ਲੜਕੀਆਂ ਦੇ ਅਨੰਦ ਕਾਰਜ ਸੰਪੰਨ ਹੋਏ। ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਸਤਿਗੁਰੂ ਰਾਮਦਾਸ ਜੀ ਦੀਆਂ ਉਚਾਰਨ ਕੀਤੀਆਂ ਲਾਵਾਂ ਅਤੇ ਨੌਵੇਂ ਮਹੱਲੇ ਦੇ ਸਲੋਕ ਸ੍ਰੀ ਭੈਣੀ ਸਾਹਿਬ ਦੀਆਂ ਬੱਚੀਆਂ ਨੇ ਉਚਾਰਨ ਕੀਤੇ।

**ਪਾਠਾਂ ਦੇ ਭੋਗ:** ਪ੍ਰਕਾਸ਼ ਸ਼ਤਾਬਦੀ ਸਮਾਰੋਹ ਦੀ ਸਮਾਪਤੀ ਸਮੇਂ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਜੀ ਦੇ 6110 ਸਹਿਜ ਪਾਠ, ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਦੇ 35 ਸਹਿਜ ਪਾਠ ਅਤੇ ਚੌਪਈ ਸਾਹਿਬ ਦੇ 4,20,000 ਪਾਠਾਂ ਦੇ ਭੋਗ ਪਾਏ ਗਏ। ਠੀਕ ਸੱਤ ਵਜੇ ਸੂਬਾ ਬਲਵਿੰਦਰ ਸਿੰਘ ਝੱਲ ਦੁਆਰਾ ਸਮਾਪਤੀ ਅਰਦਾਸ ਨਾਲ ਹੀ ਸ਼ਤਾਬਦੀ ਸਮਾਰੋਹ ਸੰਪੰਨ ਹੋਏ।

ਇਸ ਪ੍ਰਕਾਸ਼ ਸ਼ਤਾਬਦੀ ਮੇਲੇ ਵਿੱਚ ਕੁਝ ਸੇਵਾਦਾਰ ਵਰਨਣਯੋਗ ਹਨ ਜਿਨ੍ਹਾਂ ਨੇ ਤਨੋ ਮਨੋ ਦਿਨ ਰਾਤ ਇੱਕ ਕਰਕੇ ਸੇਵਾ ਕੀਤੀ। ਲੰਗਰ ਵਿੱਚ ਵਰਿਆਮ ਸਿੰਘ, ਹਰਪਾਲ ਸਿੰਘ, ਰਤਨ ਸਿੰਘ, ਰਣਜੀਤ ਸਿੰਘ, ਰਾਇ ਸਿੰਘ, ਸਤਨਾਮ ਸਿੰਘ, ਸਰਦੂਲ ਸਿੰਘ, ਨਰਿੰਦਰ ਸਿੰਘ ਅਤੇ ਚਰਨਜੀਤ ਸਿੰਘ ਔਲਖ ਆਦਿ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਸਥਾਨ (ਰਾਮ ਮੰਦਰ), ਸਤਿਗੁਰੂ ਹਰੀ ਸਿੰਘ ਜੀ ਦੇ ਸਥਾਨ (ਗੱਦੀ ਸਾਹਿਬ), ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਸਥਾਨ ਅਤੇ ਮਾਤਾ ਭੁਪਿੰਦਰ ਕੌਰ ਦੇ ਸਥਾਨ ਦੀ ਸਾਫ-ਸਫਾਈ ਤੇ ਦੇਖਭਾਲ ਦੀ ਸੇਵਾ ਹਰਭਜਨ ਸਿੰਘ ਭਜਾ ਤੇ ਬੀਬੀ ਭੁਪਿੰਦਰ ਕੌਰ (ਭਿੰਦਰ) ਨੇ ਨਿਰਵਿਘਨ ਸੇਵਾ ਨਿਭਾਈ।

ਮਾਤਾ ਗੁਰਸ਼ਰਨ ਕੌਰ ਜੀ ਦੀ ਸਰਪ੍ਰਸਤੀ ਹੇਠ ਅਨੇਕਾਂ ਬੀਬੀਆਂ ਨੇ ਸਬਜ਼ੀਆਂ ਕੱਟਣਾ, ਲੋਹਾਂ ਤੇ ਪ੍ਰਸ਼ਾਦੇ ਪਕਾਉਣ ਅਤੇ ਵਰਤਾਵੇ ਸਿੰਘਾਂ ਤੇ ਬੀਬੀਆਂ ਨੇ ਲੰਗਰ ਵਰਤਾਉਣ ਦੀ ਸੇਵਾ ਬੜੇ ਪ੍ਰੇਮ ਨਾਲ ਨਿਭਾਈ। ਜਿਨੀ ਸੰਗਤ ਨੇ ਸ੍ਰੀ ਭੈਣੀ ਸਾਹਿਬ ਮੇਲੇ ਦਾ ਅਨੰਦ ਮਾਣਿਆ-ਉਸ ਤੋਂ ਕਿਤੇ ਵੱਧ ਦੇਸ਼ ਭਰ ਵਿੱਚ ਅਤੇ ਵਿਦੇਸ਼ਾਂ ਵਿੱਚ ਘਰੋਂ ਘਰੀ ਸੰਗਤਾਂ ਨੇ ਲਾਈਵ ਟੈਲੀਕਾਸਟ ਰਾਹੀਂ ਮੇਲਾ ਵੇਖਿਆ। ਲਾਈਵ ਟੈਲੀਕਾਸਟ ਦੀ ਸੇਵਾ ਕਰਨਪਾਲ ਸਿੰਘ, ਬੰਤਾ ਸਿੰਘ, ਗਿਆਨ ਸਿੰਘ, ਗੁਰਸਾਹਿਬ ਸਿੰਘ, ਲਵਪ੍ਰੀਤ ਸਿੰਘ, ਯੁਵਰਾਜ ਸਿੰਘ ਨੇ ਤਨ ਦੇਹੀ ਨਾਲ ਨਿਭਾਈ। ਸੂਰਤ ਸਿੰਘ ਫੋਟੋਗ੍ਰਾਫਰ ਦੀ ਸੇਵਾ ਸਦਕਾ ਹੀ ਇਸ ਅੰਕ ਵਿੱਚ ਮੇਲੇ ਦੇ ਚਿੱਤਰ ਦਰਸ਼ਨ ਸੰਗਤਾਂ ਕਰਨਗੀਆਂ। ਇਸ ਤੋਂ ਬਿਨਾਂ ਵੀ ਹੋਰ ਅਨੇਕਾਂ ਸਿੱਖਾਂ-ਸੇਵਕਾਂ ਨੇ ਸ੍ਰੀ ਭੈਣੀ ਸਾਹਿਬ ਨੂੰ ਸਜਾਉਣ, ਸੰਵਾਰਨ ਵਿੱਚ ਅਹਿਮ ਭੂਮਿਕਾ ਨਿਭਾਈ। ਜਿਨ੍ਹਾਂ ਦੇ ਨਾਮ ਨਹੀਂ ਲਿਖੇ ਗਏ, ਉਨ੍ਹਾਂ ਤੋਂ ਖਿਮਾਂ ਯਾਚਨਾ ਕਰਦੇ ਹਾਂ, ਸਭ ਸੇਵਾਦਾਰ ਮੇਲੇ ਦੀ ਸਫਲਤਾ ਲਈ ਵਧਾਈ ਦੇ ਪਾਤਰ ਹਨ ਅਤੇ ਧੰਨਤਾ ਯੋਗ ਹਨ।

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਛਤਰ ਛਾਇਆ ਹੇਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਹਿਲੀ ਪ੍ਰਕਾਸ਼ ਸ਼ਤਾਬਦੀ ਦਾ ਛੇ ਦਿਨਾਂ ਮੇਲਾ ਬੜੀ ਸ਼ਾਨ ਅਤੇ ਭਗਤੀ ਭਾਵ ਨਾਲ ਸੰਪੂਰਨ ਹੋਇਆ। ਇਹ ਯਾਦਗਾਰੀ ਮੇਲੇ ਨੂੰ ਸ਼ਬਦਾਂ ਵਿੱਚ ਬਿਆਨ ਕਰ ਸਕਣਾ ਮੁਸ਼ਕਲ ਹੀ ਨਹੀਂ ਅਸੰਭਵ ਹੈ 'ਦੇਖਾ ਹੀ ਪ੍ਰਵਾਨ, ਕਿਹਾ ਜਾ ਸਕਦਾ ਹੈ। ਇਹ ਗੁਰੂ ਦਰਬਾਰ ਦੀ ਹੀ ਨਿਆਰੀ ਸ਼ਾਨ ਹੈ ਕਿ ਜਦੋਂ ਅਜੇ ਬਹੁਤੀ ਦੁਨੀਆਂ ਰਜਾਈਆਂ 'ਚ ਸੁੱਤੀ ਪਈ ਹੋਵੇਗੀ, ਸੰਗਤਾਂ ਨੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਪਾਵਨ ਦਰਸ ਪਰਸਦਿਆਂ ਅੰਮ੍ਰਿਤ ਵੇਲੇ ਤੋਂ ਇਲਾਹੀ ਗੁਰਬਾਣੀ ਦਾ ਕੀਰਤਨ ਸਰਵਣ ਕੀਤਾ, ਸਾਦੀ ਅਤੇ ਗੁਰਮਤਿ ਅਨੰਦ ਮਰਿਯਾਦਾ ਦੀ ਰਸਮ ਨਾਲ ਨੌਂ ਜੋੜਿਆਂ ਦੇ ਅਨੰਦ ਕਾਰਜ ਵੀ ਹੋ ਗਏ ਅਤੇ ਹਜ਼ਾਰਾਂ ਪਾਠਾਂ ਦੇ ਭੋਗ ਆਦਿ ਸਾਰੇ ਸ਼ੁਭ ਕਾਰਜ ਸੂਰਜ ਦੀ ਟਿੱਕੀ ਨਿਕਲਨ ਤੋਂ ਵੀ ਕੁਝ ਮਿੰਟ ਪਹਿਲੋਂ ਹੀ ਸੰਪੂਰਨ ਹੋ ਗਏ।

ਗੁਰੂ ਚਰਨਾਂ ਵਿੱਚ ਅਰਦਾਸ ਬੇਨਤੀ ਨਾਲ ਰਿਪੋਰਟ ਸਮਾਪਨ ਕਰਦੇ ਹਾਂ-

ਸਾਡੀ ਆਸ ਅਰਦਾਸ ਸਭ ਸੰਗਤਾਂ ਦੀ
ਸ਼ਤਾਬਦੀ ਪੁਰਬ ਦਾ ਪੁੰਨ ਪਰਵਾਨ ਹੋਵੇ।
ਮੇਲੇ ਲੱਗਦੇ ਰਹਿਣ ਸਤਿਗੁਰ ਫੱਬਦੇ ਰਹਿਣ,
ਸੱਚੇ ਪਾਤਸ਼ਾਹ ਤੇਰੀ ਉੱਚੀ ਸ਼ਾਨ ਹੋਵੇ॥

**ਰਿਪੋਰਟ -**

**ਮਹਿੰਦਰ ਸਿੰਘ 'ਕੂਕਾ'**
**95991-20028**
**ਹਰਪਾਲ ਸਿੰਘ ਸੇਵਕ**
**94176-01321**













1. ਸ੍ਰੀ ਸਤਿਗੁਰੂ ਜੀ ਚਿੱਤਰ ਪਰਦਰਸ਼ਨੀ ਦਾ ਉਦਘਾਟਨ ਕਰਦੇ ਹੋਏ, ਨਾਲ ਗੁਰਪ੍ਰੀਤ ਸਿੰਘ ਚਿੱਤਰਕਾਰ ਬਠਿੰਡਾ, ਸਤਿਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦੀਆਂ ਪੇਂਟਿੰਗਜ਼ ਅਤੇ ਨਾਮਧਾਰੀ ਇਤਿਹਾਸਕ ਚਿੱਤਰ-ਪ੍ਰਦਰਸ਼ਨੀ,ਵੇਖਦੇ ਹੋਏ, 2. ਮਾਤਾ ਗੁਰਸ਼ਰਨ ਕੌਰ ਜੀ, 3. ਸ੍ਰੀ ਅਲੋਕ ਕੁਮਾਰ ਜੀ, 4. ਸ. ਬਲਕੌਰ ਸਿੰਘ, 5. ਸੁਰਜੀਤ ਪਾਤਰ, ਸਤਨਾਮ ਕੋਮਲ।




ਪ੍ਰਸਿੱਧ ਚਿੱਤਰਕਾਰ ਸ. ਗੁਰਪ੍ਰੀਤ ਸਿੰਘ ਬਠਿੰਡਾ ਜੀ ਦੁਆਰਾ ਬਣਾਇਆ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਮਨਮੋਹਨ ਚਿੱਤਰ

## ਨਾਮਧਾਰੀ ਸਿੱਖ ਸੰਪਰਦਾਇ ਅਤੇ ਸ੍ਰੀ ਸਾਵਨ ਕ੍ਰਿਪਾਲ ਰੂਹਾਨੀ ਮਿਸ਼ਨ ਦੇ ਮੁੱਢ ਕਦੀਮੀਂ ਸੰਬੰਧਾਂ ਦੀ ਕਹਾਣੀ: ਤਸਵੀਰਾਂ ਦੀ ਜ਼ੁਬਾਨੀ











# ਸਾਵਨ ਕ੍ਰਿਪਾਲ ਰੂਹਾਨੀ ਮਿਸ਼ਨ

**ਸਾਇੰਸ ਆਫ਼ ਸਪਿਰਚੁਐਲਿਟੀ**

**ਕਿਰਪਾਲ ਆਸ਼ਰਮ, ਸੰਤ ਕਿਰਪਾਲ ਸਿੰਘ ਮਾਰਗ, ਵਿਜੇ ਨਗਰ ਦਿੱਲੀ-110009**

**ਫੋਨ +91-11-27117100; ਈ-ਮੇਲ : gsskrm@sos.org, Website : www.sos.org**

ਮਿਤੀ: 6-ਨਵੰਬਰ -2020

## ਹਾਰਦਿਕ ਵਧਾਈਆਂ

ਮੈਂ ਸਤਿਕਾਰਯੋਗ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਜੀ ਦੀ ਪਹਿਲੀ ਪ੍ਰਕਾਸ਼ ਸ਼ਤਾਬਦੀ ਦੇ ਪਵਿੱਤਰ ਮੌਕੇ ਤੇ ਜੋ ਕਿ ਭੈਣੀ ਸਾਹਿਬ, ਲੁਧਿਆਣਾ ਵਿਖੇ 25 ਤੋਂ 29 ਨਵੰਬਰ ਤੱਕ ਮਨਾਇਆ ਜਾ ਰਿਹਾ ਹੈ, ਦੀਆਂ ਹਾਰਦਿਕ ਵਧਾਈਆਂ ਅਤੇ ਸ਼ੁਭ ਇੱਛਾਵਾਂ ਭੇਂਟ ਕਰਦਾ ਹਾਂ। ਮੈਨੂੰ ਇਸ ਗੱਲ ਦਾ ਖੇਦ ਹੈ ਕਿ ਮੈਂ ਨਿੱਜੀ ਤੌਰ ਤੇ ਇਨ੍ਹਾਂ ਸਮਾਗਮਾਂ ਵਿੱਚ ਸ਼ਾਮਲ ਨਹੀਂ ਹੋ ਸਕਦਾ ਕਿਉਂਕਿ ਮੈਂ ਅੱਜਕੱਲ੍ਹ ਵਿਦੇਸ਼ ਵਿੱਚ ਹਾਂ । ਪਰ ਇਸ ਸ਼ੁਭ ਮੌਕੇ ਤੇ ਮੇਰੀਆਂ ਅਰਦਾਸਾਂ ਅਤੇ ਸ਼ੁਭ ਇੱਛਾਵਾਂ ਸਤਿਕਾਰਯੋਗ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਅਤੇ ਸਮੂਹ ਸੰਗਤ ਦੇ ਨਾਲ ਹਨ ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਧਿਆਤਮਕ ਤੌਰ ਤੇ ਇੱਕ ਜਾਗ੍ਰਤ ਆਤਮਾ ਸਨ ਜਿਨ੍ਹਾਂ ਨੇ ਅਨੇਕਾਂ ਲੋਕਾਂ ਨੂੰ ਰੂਹਾਨੀਅਤ ਦੇ ਰਸਤੇ ਤੇ ਪਾਇਆ ਅਤੇ ਉਨ੍ਹਾਂ ਵਿੱਚ ਪ੍ਰਭੂ ਪ੍ਰੇਮ ਤੇ ਭਗਤੀ ਪੈਦਾ ਕਰਕੇ ਉਹਨਾਂ ਦੇ ਜੀਵਨ ਨੂੰ ਉਭਾਰ ਦਿੱਤਾ ।

ਉਹਨਾਂ ਦਾ ਪਿਆਰ ਤੇ ਨਿਮਰਤਾ ਭਰਿਆ ਸੁਭਾਅ ਅਤੇ ਸਾਰੀ ਮਨੁੱਖਤਾ ਲਈ ਕੀਤੀ ਗਈ ਉਹਨਾਂ ਵੱਲੋਂ ਨਿਸ਼ਕਾਮ ਸੇਵਾ ਸਾਡੇ ਲਈ ਇੱਕ ਮਿਸਾਲ ਹੈ ਕਿ ਅਸੀਂ ਵੀ ਆਪਣੇ ਜੀਵਨ ਵਿੱਚ ਇਹਨਾਂ ਰੱਬੀ ਗੁਣਾਂ ਨੂੰ ਧਾਰਨ ਕਰੀਏ ਅਤੇ ਆਪਣੇ ਸਾਥੀ ਜੀਵਾਂ ਦੀ ਉਨੇ ਹੀ ਪਿਆਰ ਤੇ ਨਿਸ਼ਕਾਮ ਭਾਵਨਾਂ ਨਾਲ ਸੇਵਾ ਕਰੀਏ। ਉਹ ਆਪਣੇ ਪਿਆਰ, ਸੇਵਾ ਤੇ ਰੂਹਾਨੀਅਤ ਦੀ ਵਿਰਾਸਤ ਰਾਹੀਂ ਅੱਜ ਵੀ ਆਪਣੇ ਸ਼ਿਸ਼ਾਂ ਦੇ ਦਿਲਾਂ ਵਿੱਚ ਜ਼ਿੰਦਾ ਹਨ ਅਤੇ ਹਮੇਸ਼ਾ ਉਨ੍ਹਾਂ ਨੂੰ ਸਾਡੇ ਸਮੇਂ ਦੇ ਮਹਾਨ ਅਧਿਆਤਮਕ ਆਗੂ ਵਜੋਂ ਯਾਦ ਕੀਤਾ ਜਾਵੇਗਾ।

ਸਾਵਨ ਕ੍ਰਿਪਾਲ ਰੂਹਾਨੀ ਮਿਸ਼ਨ ਦਾ ਨਾਮਧਾਰੀ ਪੰਥ ਨਾਲ ਲੰਬੇ ਸਮੇਂ ਤੋਂ ਆਪਸੀ ਮਾਣ ਸਨਮਾਨ ਦਾ ਸੰਬੰਧ ਹੈ। ਸੰਤ ਕ੍ਰਿਪਾਲ ਸਿੰਘ ਜੀ ਮਹਾਰਾਜ ਤੇ ਦਿਆਲ ਪੁਰਸ਼ ਸੰਤ ਦਰਸ਼ਨ ਸਿੰਘ ਜੀ ਮਹਾਰਾਜ ਦੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਬਹੁਤ ਹੀ ਨਜ਼ਦੀਕੀ ਸੰਬੰਧ ਸਨ । ਉਹ ਕਈ ਧਾਰਮਿਕ ਸਮਾਗਮਾਂ ਵਿੱਚ ਇਕੱਠੇ ਸ਼ਾਮਲ ਹੋਏ ਅਤੇ ਹੋਰ ਵੀ ਕਈ ਮੌਕਿਆਂ ਤੇ ਇੱਕ ਦੂਜੇ ਨੂੰ ਮਿਲਦੇ ਰਹਿੰਦੇ ਸਨ ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਪਰਮ ਸੰਤ ਕ੍ਰਿਪਾਲ ਸਿੰਘ ਜੀ ਦੇ ਵੇਲੇ 1972 ਵਿੱਚ ਦੇਹਰਾਦੂਨ ਵਿਖੇ ਮਾਨਵ ਕੇਂਦਰ ਦਾ ਦੌਰਾ ਕੀਤਾ ਅਤੇ ਜਦੋਂ ਸੰਤ ਕ੍ਰਿਪਾਲ ਸਿੰਘ ਜੀ ਨੇ ਚੌਲਾ ਛੱਡਿਆ

**ਸਾਵਨ ਕ੍ਰਿਪਾਲ ਰੂਹਾਨੀ ਮਿਸ਼ਨ ਦੇ ਅਧਿਆਤਮਕ ਰਹਿਨੁਮਾ ਸ੍ਰੀ ਮਹਾਰਾਜ ਰਜਿੰਦਰ ਸਿੰਘ ਜੀ ਵੱਲੋਂ-**
**ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰਕਾਸ਼ ਸ਼ਤਾਬਦੀ ਦੇ ਸੁਅਵਸਰ ਤੇ ਭੇਜਿਆ- ਸ਼ੁੱਭ ਸੰਦੇਸ਼**

ਤਾਂ ਉਹ ਸਾਵਨ ਆਸ਼ਰਮ, ਦਿੱਲੀ ਵਿਖੇ ਉਹਨਾਂ ਦੀ ਯਾਦ ਵਿੱਚ ਰੱਖੇ ਗਏ ਭੋਗ ਦੇ ਪ੍ਰੋਗਰਾਮ ਵਿੱਚ ਵੀ ਸ਼ਾਮਲ ਹੋਏ। ਮੇਰੇ ਲਈ ਇਹ ਬਹੁਤ ਮਾਣ ਦੀ ਗੱਲ ਹੈ ਕਿ ਸੰਨ 1994 ਵਿੱਚ ਦਿੱਲੀ ਵਿਖੇ ਕੀਤੀ ਗਈ ਸਤਵੀਂ ਵਿਸ਼ਵ ਧਰਮ ਕਾਨਫਰੰਸ ਵਿੱਚ ਵੀ ਉਹ ਸ਼ਾਮਲ ਹੋਏ ਜੋ ਕਿ ਸੰਤ ਕ੍ਰਿਪਾਲ ਸਿੰਘ ਜੀ ਮਹਾਰਾਜ ਦਾ ਜਨਮ ਸ਼ਤਾਬਦੀ ਵਰ੍ਹਾ ਵੀ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸੰਨ 1996 ਵਿੱਚ ਸੂਫ਼ੀਵਾਦ ਤੇ ਵਿਸ਼ਵ ਕਾਨਫਰੰਸ ਵਿੱਚ ਸ਼ਾਮਲ ਹੋਏ ਅਤੇ ਫਿਰ 1999 ਵਿੱਚ ਅੰਤਰ-ਰਾਸ਼ਟਰੀ ਮਾਨਵ ਏਕਤਾ ਸੰਮੇਲਨ ਵਿੱਚ ਵੀ ਸ਼ਾਮਲ ਹੋਏ । ਅੱਜ ਸਾਨੂੰ ਸਭ ਨੂੰ ਉਹਨਾਂ ਦੇ ਵਿਸ਼ਵ ਪ੍ਰੇਮ ਤੇ ਵਿਸ਼ਵ ਸ਼ਾਂਤੀ ਲਈ ਪ੍ਰੇਰਨਾ ਦੇਣ ਵਾਲੇ ਸੁਨੇਹਿਆਂ ਦੀ ਬਹੁਤ ਘਾਟ ਮਹਿਸੂਸ ਹੋ ਰਹੀ ਹੈ ।

ਇਹਨਾਂ ਦੋਹਾਂ ਸੰਸਥਾਵਾਂ ਦਾ ਆਪਸੀ ਸੰਬੰਧ ਹੁਣ ਵੀ ਲਗਾਤਾਰ ਵੱਧਦਾ ਜਾ ਰਿਹਾ ਹੈ ਕਿਉਂਕਿ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਗੁਰਗੱਦੀ ਨੂੰ ਬਾਖ਼ੂਬੀ ਸੰਭਾਲਿਆ ਹੋਇਆ ਹੈ। ਉਹ ਨਾਮਧਾਰੀ ਪੰਥ ਦੀਆਂ ਸਿੱਖਿਆਵਾਂ ਨੂੰ ਸੰਸਾਰ ਦੇ ਕੋਨੇ-2 ਵਿੱਚ ਪਹੁੰਚਾ ਰਹੇ ਹਨ। ਇਹ ਸਾਡੇ ਲਈ ਬਹੁਤ ਮਾਣ ਤੇ ਖੁਸ਼ੀ ਦੀ ਗੱਲ ਹੈ ਕਿ ਉਹ ਕਿਰਪਾਲ ਬਾਗ, ਦਿੱਲੀ ਵਿਖੇ ਮਾਨਵ ਏਕਤਾ ਤੇ ਰੂਹਾਨੀਅਤ ਸਬੰਧੀ ਕਾਨਫਰੰਸ ਵਿੱਚ ਤਸ਼ਰੀਫ਼ ਲਿਆਏ ਅਤੇ ਉੱਥੇ ਆਪਣਾ ਅਨਮੋਲ ਸੰਦੇਸ਼ ਦਿੱਤਾ। ਹੁਣ ਵੀ ਜਦੋਂ ਸਾਡੇ ਮਿਸ਼ਨ ਦੀ ਕੋਈ ਕਾਨਫਰੰਸ ਹੁੰਦੀ ਹੈ ਤਾਂ ਜੇਕਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਕਿਸੇ ਕਾਰਨ ਆਪ ਨਹੀਂ ਪਹੁੰਚ ਸਕਦੇ ਤਾਂ ਉਹ ਇਸ ਗੱਲ ਨੂੰ ਯਕੀਨੀ ਬਣਾਉਂਦੇ ਹਨ ਕਿ ਉਹਨਾਂ ਦੇ ਸੀਨੀਅਰ ਨੁਮਾਇੰਦੇ ਉਹਨਾਂ ਦਾ ਸੰਦੇਸ਼ ਲੈ ਕੇ ਜਰੂਰ ਪਹੁੰਚਣ ਜਿਸ ਤੋਂ ਪਤਾ ਲੱਗਦਾ ਹੈ ਕਿ ਇਹਨਾਂ ਦੋਹਾਂ ਮਿਸ਼ਨਾਂ ਦਾ ਆਪਸ ਵਿੱਚ ਕਿੰਨਾ ਜ਼ਿਆਦਾ ਪਿਆਰ ਅਤੇ ਸਤਿਕਾਰ ਹੈ ।

ਮੈਂ ਇੱਕ ਵਾਰ ਫੇਰ ਸਤਿਕਾਰਯੋਗ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਅਤੇ ਸਾਰੀਆਂ ਸੰਗਤਾਂ ਨੂੰ ਸਤਿਕਾਰਯੋਗ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਹਿਲੀ ਪ੍ਰਕਾਸ਼ ਸ਼ਤਾਬਦੀ ਦੇ ਮੌਕੇ ਤੇ ਸ਼ੁਭ ਕਾਮਨਾਵਾਂ ਪੇਸ਼ ਕਰਦਾ ਹਾਂ। ਮੇਰੀ ਇਹੀ ਅਰਦਾਸ ਹੈ ਕਿ ਉਹਨਾਂ ਦੀਆਂ ਸਿੱਖਿਆਵਾਂ ਜਗਿਆਸੂਆਂ ਨੂੰ ਰੂਹਾਨੀ ਜਾਗ੍ਰਿਤੀ ਤੇ ਪ੍ਰਕਾਸ਼ ਦਾ ਰਸਤਾ ਦਿਖਾਉਣ ਅਤੇ ਅਸੀਂ ਸਾਰੇ ਲਗਾਤਾਰ ਆਪਣੇ ਆਪ ਨੂੰ ਜਾਨਣ ਅਤੇ ਪ੍ਰਮਾਤਮਾ ਨੂੰ ਪਾਉਣ ਦੀ ਮੰਜ਼ਿਲ ਵੱਲ ਵਧਦੇ ਜਾਈਏ ।

ਸਤਿਕਾਰ ਸਹਿਤ ।

Rajinder Singh

ਰਾਜਿੰਦਰ ਸਿੰਘ

# ਬੀਤੇ ਦੀਆਂ ਪੈੜਾਂ– ਕਵੀ ਪ੍ਰੀਤਮ ਸਿੰਘ

## (ਅਣਛਪਿਆ–ਭਾਗ)

### (ਪਿਛਲੇ ਅੰਕ ਤੋਂ ਅੱਗੇ)

9. ਸ. ਗੁਰਮੀਤ ਸਿੰਘ ਗੰਭੀਰ
ਪ੍ਰੇਰਣਾ : ਦਾੜ੍ਹੀ ਕੱਟਣੀ ਛੱਡ ਦੇ।
10. ਸ. ਹਰਬੰਸ ਸਿੰਘ ਗੰਭੀਰ
11. ਸ. ਸ਼ੇਰ ਸਿੰਘ ਮਲਹੋਤਰਾ
ਪ੍ਰੇਰਣਾ : ਦਾੜ੍ਹੀ ਛਾਂਗਣੀ ਛੱਡ ਦੇ।
12. ਸ. ਦਰਸ਼ਨ ਸਿੰਘ ਮਲਹੋਤਰਾ
13. ਸ. ਮੋਹਰ ਸਿੰਘ ਮੰਡੀ
14. ਸੇਠ ਰਾਜਪਾਲ ਸਿੰਘ ਗੋਰੋਵਾੜਾ
15. ਸੇਠ ਦਲੀਪ ਸਿੰਘ ਗੋਰੋਵਾੜਾ
16. ਸੇਠ ਅਵਨਿੰਦਰ ਸਿੰਘ ਗੋਰੋਵਾੜਾ
17. ਬੀਬੀ ਸੁਰਜੀਤ ਕੌਰ ਪ੍ਰਧਾਨ
18. ਸ. ਚਰਨਜੀਤ ਸਿੰਘ ਗੋਰੋਵਾੜਾ
19. ਸ. ਅਮੋਲਕ ਸਿੰਘ ਗੋਰੋਵਾੜਾ
20. ਸ. ਅਤਰ ਸਿੰਘ ਗੋਰੋਵਾੜਾ
21. ਬੀਬੀ ਸੁਰਜੀਤ ਕੌਰ ਦਾ ਘਰ
22. ਸੇਠ ਅਜੀਤ ਸਿੰਘ

ਸ੍ਰੀ ਸਤਿਗੁਰੂ ਜੀ ਨੇ ਸੇਠ ਜੀ ਦੀ ਬਿਮਾਰੀ ਲਈ ਡਾ. ਮੂਸਾ ਨੂੰ ਫੋਨ ਤੇ ਸਮਝਾਇਆ ਤੇ ਇਨ੍ਹਾਂ ਨੂੰ ਵੇਖਣ ਤੇ ਦਵਾਈ ਦੇਣ ਲਈ ਆਗਿਆ ਕੀਤੀ।

23. ਬੀਬੀ ਅਜੀਤ ਕੌਰ ਸੁਪਤਨੀ ਸ. ਤਰਲੋਚਨ ਸਿੰਘ
24. ਸੇਠ ਜਸਪਾਲ ਸਿੰਘ ਗੋਰੋਵਾੜਾ
25. ਸ. ਨਰਿੰਦਰ ਸਿੰਘ ਗੋਰੋਵਾੜਾ ਖਲੌਂਗ ਤਨ
26. ਸ. ਚਰਨਜੀਤ ਸਿੰਘ ਮਨੋਚਾ ਖਲੌਂਗ ਤਨ 433/6
27. ਸ. ਕੇਹਰ ਸਿੰਘ ਮਲਹੋਤਰਾ ਖਲੌਂਗ ਤਨ 433/7
28. ਸ. ਸੁਦਰਸ਼ਨ ਸਿੰਘ ਮਲਹੋਤਰਾ ਖਲੌਂਗ ਤਨ 433/14
29. ਸ. ਪਾਲ ਸਿੰਘ ਮਲਹੋਤਰਾ ਖਲੌਂਗ ਤਨ 435/6
30. ਡਾ. ਨਰਿੰਦਰਪਾਲ ਸਿੰਘ ਸੁਖੁਮਵਿਟ 71, ਖਲੌਂਗ ਤਨ 83/5

ਸ੍ਰੀ ਸਤਿਗੁਰੂ ਜੀ ਨੇ ਡਾ. ਸਾਹਿਬ ਨੂੰ ਨੈਚਰੋਪੈਥੀ ਸਮਝਣ ਲਈ ਪ੍ਰੇਰਣਾ ਦਿੱਤੀ।

31. ਸ. ਤਰਨਜੀਤ ਸਿੰਘ ਸਪੁੱਤਰ ਸ. ਸੰਤੋਖ ਸਿੰਘ ਮੰਡੀ 1
32. ਸ. ਨਰੈਣ ਸਿੰਘ ਸਚਦੇਵ 127/2
33. ਸੰਤ ਮਹਿੰਦਰ ਸਿੰਘ ਅਮ੍ਰਿਤਸਰੀ, ਪ੍ਰੋ. ਪ੍ਰੀਤਮ ਸਿੰਘ ਅੰਮ੍ਰਿਤਸਰੀ, ਸ. ਦੀਦਾਰ ਸਿੰਘ ਅੰਮ੍ਰਿਤਸਰੀ, ਮਕਾਨ ਤੇ ਦੁਕਾਨ 887
34. ਸ. ਮਨਜੀਤ ਸਿੰਘ ਨਰੂਲਾ ਸੋਇ ਖੁਨਵਿਚਤ ਖਲੌਂਗ ਤਨ 1009/60
35. ਸ. ਦੇਵਿੰਦਰ ਸਿੰਘ ਸੋਇ ਖੁਨਵਿਚਤ ਖਲੌਂਗ ਤਨ 1009/54
36. ਸ. ਨਿਰੰਕਾਰ ਸਿੰਘ ਮਾਟਾ ਸੋਇ ਖੁਨਵਿਚਤ ਖਲੌਂਗ ਤਨ 1009/53
37. ਸ. ਨਰਿੰਦਰ ਸਿੰਘ ਮਨੋਚਾ ਸੋਇ ਖੁਨਵਿਚਤ ਖਲੌਂਗ ਤਨ 1011/12
38. ਸ. ਗੁਰਬਚਨ ਸਿੰਘ ਰਾਹੀ ਸੋਇ ਖੁਨਵਿਚਤ ਖਲੌਂਗ ਤਨ 1055/84
39. ਸ. ਪ੍ਰਿਥੀਪਾਲ ਸਿੰਘ ਖੰਨਪੁਰੀ ਸੋਇ ਖੁਨਵਿਚਤ ਖਲੌਂਗ ਤਨ 1053/21
40. ਸ. ਅਤਰਪਾਲ ਸਿੰਘ ਚਾਵਲਾ 1053/4
41. ਸ. ਕੁਲਜੀਤ ਸਿੰਘ ਬਿਜੂ 1053/5
42. ਸ. ਦਰਸ਼ਨ ਸਿੰਘ ਚਾਵਲਾ 1053/6
43. ਸ. ਪ੍ਰਿਥੀਪਾਲ ਸਿੰਘ ਚਾਵਲਾ 1053/16

ਸੇਠ ਹਰਮਹਿੰਦਰ ਚਾਵਲਾ ਦੇ ਘਰ – ਖਲੌਂਗ ਤਨ ਇਲਾਕੇ ਦੇ ਚਾਵਲਾ ਕੋਰਟ ਕਿ ਸ਼ਾਂਤੀ ਕੋਰਟ ਵਿਖੇ ਸੇਠ ਹਰਮਹਿੰਦਰ ਸਿੰਘ ਚਾਵਲਾ ਦੇ ਘਰ ਸ੍ਰੀ ਸਤਿਗੁਰੂ ਜੀ ਆਪਣੇ ਜਥੇ ਸਮੇਤ ਅੰਤਰ ਰਾਸ਼ਟਰੀ ਟੈਲੀਫੋਨਾਂ ਹਿੱਤ ਪਧਾਰੇ। ਅਜੋਕੀਆਂ ਸਹੂਲਤਾਂ ਨਾਲ ਸੁਸੱਜਿਤ, ਠਾਠਦਾਰ ਘਰ ਜਿਵੇਂ ਸਤਿਗੁਰੂ ਜੀ ਦੀ ਸਦਾ ਹੀ ਇੰਤਜ਼ਾਰ ਵਿੱਚ ਰਹਿੰਦਾ ਹੈ। ਸਤਿਗੁਰੂ ਜੀ ਨੂੰ ਇਸ ਵਾਰ ਬੈਂਕੋਕ ਲਿਆਉਣ ਹਿਤ ਸੇਠ ਹਰਮਹਿੰਦਰ ਸਿੰਘ ਤੇ ਇਹਨਾਂ ਦੀ ਪਤਨੀ ਬੀਬੀ ਬਲਬੀਰ ਕੌਰ, ਸੇਠਣੀ ਮਹਿੰਦਰ ਕੌਰ ਦੀ ਭੈਣ ਦਾ ਖਾਸ ਜ਼ੋਰ ਰਿਹਾ ਹੈ।

9.30 ਵੱਜ ਗਏ ਇਸ ਸ਼ਾਨਦਾਰ ਮਹਲ ਵਿੱਚ ਆਇਆਂ। ਸਤਿਗੁਰੂ ਜੀ ਟੈਲੀਫੋਨ ਕੋਲ ਜਾ ਬੈਠੇ। ਸੇਵਕ ਨੰਬਰ ਮਿਲਾਣ ਲੱਗੇ ਅਤੇ ਪਹਿਲਾ ਫੋਨ ਲੁਧਿਆਣਾ ਦੇ ਸੁਰਿੰਦਰ ਸਿੰਘ ਨੂੰ ਹੋਇਆ।

....ਕਪੂਰ ਸਿੰਘ ਅਜੇ ਨਹੀਂ ਆਇਆ? (ਭੈਣੀ ਸਾਹਿਬ ਤੋਂ)..........

ਜਸਵੰਤ ਸਿੰਘ ਹੋਰੀਂ ਆ ਗਏ ਨੇ? (ਭੈਣੀ ਸਾਹਿਬ ਤੋਂ)..........

......ਸੁਰਿੰਦਰ, ਇਹ ਬੰਦ ਕਰਕੇ ਤੂੰ ਸਰਸੇ ਨੂੰ ਕਰ ਉਹ ਮਹਾਰਾਜ ਜੀ ਨੂੰ ਕਹਿਣ ਕਿ ਉਹ ਜੀਵਨ ਨਗਰੋਂ ਆ ਕੇ ਸਾਨੂੰ ਉਡੀਕਣ, ਜੇ ਆਏ ਹੋਏ ਹਨ ਤਾਂ ਵੀ ਉਡੀਕਣ, ਅਸੀਂ ਸਰਸੇ ਨੂੰ ਨੰਬਰ ਮਿਲਾ ਰਹੇ ਹਾਂ ਪਰ ਮਿਲੇ ਨਹੀਂ।

9.30 ਤੇ ਫਿਰ ਸੁਰਿੰਦਰ ਸਿੰਘ ਨੂੰ ਲੁਧਿਆਣੇ ਫੋਨ ਕੀਤਾ ਕਿ ਸਰਸੇ ਫੋਨ ਕਰੇ ਕਿ ਮਹਾਰਾਜ ਜੀ ਭਾਰਤੀ ਟਾਈਮ ਦੇ ਸਵੇਰੇ 8 ਵਜੇ ਸ਼ੁਕਰਵਾਰ ਆ ਕੇ ਸਰਸੇ ਉਡੀਕਣ। ਸੇਵਾ ਸਿੰਘ ਹੁਰੀਂ ਮਹਾਰਾਜ ਜੀ ਨੂੰ ਵੀ ਜੀਵਨ ਨਗਰ ਜਾ ਕੇ ਜਾਂ ਫੋਨ ਤੇ ਦੱਸਣ, ਗੁਰਦੇਵ ਸਿੰਘ ਨੰਬਰਦਾਰ (ਸੰਤ ਨਗਰ) ਤੇ ਸਤਨਾਮ ਸਿੰਘ ਮੁਕਤਾ ਵੀ ਜ਼ਰੂਰ ਆਵੇ। ਅੱਜ ਸ਼ਾਮੀਂ (ਗੁਰਦੇਵ ਸਿੰਘ ਤੇ ਸਤਨਾਮ ਸਿੰਘ) ਜਦੋਂ ਚਾਹੁਣ ਮਿਲ ਲੈਣ।

ਫੇਰ ਸੁਰਿੰਦਰ ਸਿੰਘ ਦੇ ਫੋਨ ਤੇ ਹੋਰਨਾਂ ਦੀ ਹਾਜ਼ਰੀ ਲੱਗਣ ਲੱਗੀ। ਸ੍ਰੀ ਸਤਿਗੁਰੂ ਜੀ :

ਗੁੱਡੀ ਅਤੇ ਗੁੱਡੀ ਦੀ ਗੁੱਡੀ ਦਾ ਕੀ ਹਾਲ ਹੈ?

..........

ਕਾਕੂ ਦੀ ਗੁੱਡੀ ਦਾ ਕੀ ਹਾਲ ਹੈ?

..........

ਜਗਤਾਰ ਸਿੰਘ ਤੇ ਉਹਦੀ ਮਾਤਾ ਵੀ ਆਈ ਹੈ?

ਸੰਤਾਂ (ਜਸਵੰਤ ਸਿੰਘ ਕੱਲ੍ਹਾ) ਦੀ ਪੌੜੀ ਚੜ੍ਹ ਗਈ ਹੈ?

..........

ਸੰਤ ਅਮ੍ਰਤਸਰ ਗਏ ਹੋਏ ਨੇ? ਇਹਨਾਂ ਵਾਸਤੇ ਤਾਂ ਬੜੀ ਖੁਸ਼ੀ ਦੀ ਗੱਲ ਹੈ।

..........

ਅਮ੍ਰਿਤਸਰ ਮੇਰਾ ਟੈਲੀਫੋਨ ਹੋ ਗਿਆ ਸੀ।

ਹਾਂ ਜੀ ਤਾਂ ਕਹਿ ਦਿਆ ਕਰੋ, ਪਤਾ ਲੱਗ ਜਾਵੇ।

..........

ਹਾਂ, ਹੋਰ ਸਭ ਠੀਕ ਹੈ, ਜ਼ਰਾ ਜੰਗਲ ਹੀ ਆਏ ਨੇ ਦੋ ਤਿੰਨ।

..........

ਕਿੰਨੇ ਚਿਰ ਬਾਅਦ ਤੁਹਾਨੂੰ ਫੋਨ ਕੀਤਾ ਹੈ, ਤੁਹਾਡੀ ਗੱਲ (ਆਵਾਜ਼) ਸੁਣਨ ਵਾਸਤੇ, ਤੁਸੀਂ ਕਰਦੇ ਈ ਨਹੀਂ। (ਮੇਰੇ ਵੱਲ ਤੱਕ ਕੇ ਬਚਨ ਕੀਤਾ, ਇਹ ਗੱਲ ਕਵੀ ਜੀ ਤੁਹਾਡੇ ਵਾਸਤੇ ਕੀਤੀ ਹੈ।)

ਬਿਰਧ, ਸਾਰੇ ਹੀ, ਠੀਕ ਹਨ ਨ?

..........

ਚਲੋ, ਖੁਸ਼ੀ ਦੀ ਗੱਲ ਹੈ।

ਸਤਿ ਸ੍ਰੀ ਅਕਾਲ। ਕੀ ਹੈ ਹਾਲ ਚਾਲ? (ਸੰਤ ਕਪੂਰ ਸਿੰਘ ਨੂੰ) ਰਾਜ਼ੀ ਖੁਸ਼ੀ ਨੇ ਸਭ ਸੰਗਤਾਂ?

(ਪਿਆਰ ਨਾਲ ਕਦੇ ਕਤੂਰ ਸਿੰਘ, ਕਦੇ ਕਸੂਰ ਸਿੰਘ ਨਾਲ ਸੰਬੋਧਨ)

ਆਲੂਆਂ ਦਾ ਕਿਸ ਤਰ੍ਹਾਂ ਹੋ ਰਿਹਾ ਹੈ?

..........

ਚਲੋ ਠੀਕ ਹੈ।

ਦੂਜਾ, ਸਮਰਾਲੇ ਵਾਲਿਆਂ ਦਾ?

..........

ਅੱਛਾ ਠੀਕ ਹੈ।

..........

ਭੁਲੱਥਾਂ ਦਾ ਕੀ ਕੀਤਾ?

..........

ਅੱਛਾ-ਅੱਛਾ, ਠੀਕ ਹੋ ਗਿਆ।

..........

ਠੀਕ ਹੈ, ਠੀਕ ਹੈ।

..........

ਪੁਲਿਸ ਵਾਲਿਆਂ ਦਾ ਨਹੀਂ ਬਣਦਾ ਮੰਗਲੀ ਵਾਸਤੇ? ਪੁਲਿਸ ਦਾ ਰੱਖੋ। ਅਪਣਾ ਨਾ ਬਹੁਤਾ ਕਰਿਆ ਜੇ।

..........

ਕਾਕੂ ਦਾ ਲਸੰਸ ਬਣਿਆ ਹੈ ਅਜੇ ਕਿ ਨਹੀਂ?

..........

ਅਗਲੇ ਹਫਤੇ? ਅੱਛਾ ਅੱਛਾ।

ਆਪਣੀ ਘਰਵਾਲੀ ਨੂੰ ਟੈਲੀਫੋਨ ਦਿਹ। (ਕਪੂਰ ਸਿੰਘ ਦੀ ਸਿੰਘਣੀ ਨੂੰ)

..........

ਪਤਾ ਲੱਗਾ ਸੀ ਕੁੜੀ ਦੇ ਸੱਟ ਲੱਗ ਗਈ ਏ, ਤਾਂ ਸੱਦਿਆ ਏ ਕਿ ਪਤਾ ਕਰਾਂ?

..........

(ਕਪੂਰ ਸਿੰਘ ਨੂੰ) ਕਰਨੈਲ, ਗੁਰਦੇਵ ਅੱਜ ਕਲ ਕਿੱਥੇ ਹਨ?

..........

ਠਾਣੇਦਾਰ ਜਗਤਾਰ ਸਿੰਘ ਦਾ ਕੀ ਬਣਿਆ?.....

ਅੱਛਾ, ਸੁਰਿੰਦਰ ਨੂੰ ਦੇ ਦਿੱਤਾ।

(ਪਰ ਕੱਲ੍ਹਾ ਜਸਵੰਤ ਸਿੰਘ ਬੋਲਦਾ ਹੈ)

ਕੀ ਹਾਲ ਹੈ ਸਰੀਰ ਦਾ, ਛਾਤੀ ਦੀ ਦਰਦ ਤਾਂ ਠੀਕ ਹੈ?

..........

(ਜਗਤਾਰ ਸਿੰਘ ਜੀ ਨੂੰ) ਸਤਿ ਸ੍ਰੀ ਅਕਾਲ।

..........

ਦਰਸ਼ਨ ਸਿੰਘ ਦਾ ਕੀ ਬਣਿਆ?

..........

ਉਹ ਤੇ ਸਿੱਖਾਂ ਤੇ ਪਹਾੜੀਆਂ ਕਰਕੇ ਹੋਇਆ ਹੋਵੈਂ?

..........

ਅਸੀਂ ਆ ਕੇ ਬਾਜ਼ਾਰ ਨਹੀਂ ਗਏ।

..........

ਠੀਕ ਹੈ, ਮਾਰੂਤੀ ਲੈ ਜਾਓ। ਸੁਰਿੰਦਰ ਨਾਲ ਗੱਲ ਕਰ ਲਓ।......

ਜਗਤਾਰ ਤੂੰ ਜੀਵਨ ਨਗਰ ਜਾਵੇਂ ਤਾਂ ਮਹਾਰਾਜ ਜੀ ਨੂੰ ਸ਼ੁੱਕਰਵਾਰ ਸਵੇਰੇ 8 ਵਜੇ ਤੱਕ ਸਰਸੇ ਪਹੁੰਚਣ ਲਈ ਪੱਕੀ ਕਰਨੀ। ਫੋਨ ਕਰਨਾ ਹੈ। ਮਹਾਰਾਜ ਜੀ ਨੂੰ ਬਲਦੇਵ ਤੋਂ ਅਮਰੀਕਾ ਤੋਂ ਵੀ ਫੋਨ ਕਰਵਾਇਆ ਹੈ। ਸੇਵਾ ਸਿੰਘ ਸਰਸਾ ਨੂੰ ਵੀ ਕਿਹਾ ਸੀ ਮਹਾਰਾਜ ਜੀ ਵਾਸਤੇ।

..........

ਛੋਟੇ ਕਾਕੇ ਦਾ ਪਤਾ ਨਹੀਂ ਆਇਆ (ਉਦੈ ਸਿੰਘ ਜੀ ਦਾ)

(ਕਿਸੇ ਹੋਰ ਨੰਬਰ ਤੇ)

ਅਮਰ ਸਿੰਘ ਜੀ ਸਤਿ ਸ੍ਰੀ ਅਕਾਲ। (ਬੈਂਗਲੌਰ ਨੰ. 563910)

..........

ਕਾਕਾ (ਉਦੈ ਸਿੰਘ ਜੀ) ਚਲਾ ਗਿਆ ਹੈ ਕਿ ਨਹੀਂ ਬੰਬਈ ਨੂੰ ਯੂ. ਐਸ. ਏ. ਵਾਸਤੇ?

..........

ਅੱਛਾ ਰਾਤ ਇੰਤਜ਼ਾਰ ਕਰਕੇ ਗਿਆ ਹੈ।

..........

ਬੈਂਕੋਕ ਤੋਂ ਹੋ ਕੇ ਜਾਵੇਗਾ?

..........

ਮੈਂ 23 ਤਾਰੀਖ ਤੱਕ ਏਥੇ ਹੀ ਹਾਂ।

..........

ਏਸ ਤਰ੍ਹਾਂ ਹੈ ਕਿ ਮੈਨੂੰ ਫੋਨ ਕਰਨਾ ਹੈ ਤਾਂ 5 ਵਜੇ ਤੋਂ ਪਿੱਛੋਂ ਟੈਲੀਫੋਨ ਨੰ. 3911392, 3911562 (ਸੇਠ ਸੁਰੰਮ੍ਰਿਤ ਸਿੰਘ ਦੇ ਘਰ)

..........

ਏਸੇ ਹਫਤੇ ਅਮਰੀਕਾ ਜਾਵੇਗਾ?..... ਅਮਰੀਕਾ ਫੋਨ ਹੋ ਗਿਆ ਸੀ?

ਬਹੁਤ ਵਧੀਆ ਗੱਲ ਹੈ। ਤੇਰੇ ਘਰੋਂ ਬੀਬੀ ਰਾਜ਼ੀ ਖੁਸ਼ੀ ਹੈ? ਮਾਈ ਨੂੰ ਵੀ ਸਤਿ ਸ੍ਰੀ ਅਕਾਲ।

10.40 ਐੱਮ ਇੱਕ ਹੋਰ ਜਗਹ ਤੋਂ ਫੋਨ :

ਪ੍ਰਕਾਸ਼ ਰਾਜ਼ੀ ਖੁਸ਼ੀ ਹੈ?

..........

ਮਨਜੀਤ ਦਾ ਕਿਸ ਤਰ੍ਹਾਂ ਹੈ?

..........

ਡਾਕਟਰ ਨੂੰ ਮਿਲਦੇ ਗਿਲਦੇ ਰਿਹਾ ਕਰੋ।

..........

ਨਿਤਨੇਮ ਕਰਦੇ ਹੁੰਦੇ ਹੋ, ਘੰਟਾ ਭਰ?

..........

ਚੰਗਾ ਸਤਿ ਸ੍ਰੀ ਅਕਾਲ।

**ਵਿਸ਼ੇਸ਼ ਮੀਟਿੰਗ –** ਏਥੋਂ ਉੱਠ ਕੇ ਸ੍ਰੀ ਸਤਿਗੁਰੂ ਜੀ ਸੇਠ ਹਰਮਹਿੰਦਰ ਸਿੰਘ ਚਾਵਲਾ ਦੇ ਇੱਕ ਹੋਰ ਕਮਰੇ ਵਿੱਚ ਚਲੇ ਗਏ। ਇਸ ਕਮਰੇ ਵਿੱਚ ਵਿਸ਼ੇਸ਼ ਮੀਟਿੰਗ ਜਾਪਦੀ ਹੈ। ਮੈਂ ਇਹਨਾਂ ਨੂੰ ਅੰਦਰ ਜਾਂਦੇ ਵੇਖਿਆ : ਅਵਤਾਰ ਸਿੰਘ ਘੁੰਮਣ, ਹੰਸਪਾਲ ਜੀ, ਸੁਰਿੰਦਰ ਸਿੰਘ ਮਨਚੰਦਾ, ਸੇਠ ਹਰਮਹਿੰਦਰ ਸਿੰਘ। ਵਿਚਾਰਨਯੋਗ ਦੋ ਗੱਲਾਂ ਹੋ ਸਕਦੀਆਂ ਹਨ :

1. ਸੇਠ ਤਰਲੋਕ ਸਿੰਘ ਨੂੰ ਹੰਸਪਾਲ ਜੀ, ਮਨਚੰਦਾ ਵਲੋਂ ਦੇਣਦਾਰੀ।

2. ਧਰਮਸਾਲਾ ਸੋਇ ਅਸੋਕ ਦਾ ਮਸਲਾ ਕਿਵੇਂ ਨਜਿਠਿਆ ਜਾਵੇ।

**ਚਲਦਾ........**

# A Saga Of Sri Satguru Jagjit Singh Ji

- Dr. Sharada Jayagovind

**Beyond the boundaries of Sri Bhaini Sahib**

By the 1980s, the reputation of Sri Bhaini Sahib as a centre of classical music and *Gurmat Sangeet* had spread throughout India. During this decade, Patsha ji started sending more and more students outside Sri Bhaini Sahib to learn music at the feet of great masters.

Speaking on Satguru Jagjit Singh ji, Pandit Shiv Kumar Sharma said:

"Right from the beginning, what I have noticed about him and his contribution to music is that he selected talented Namdhari children with promise and sent them to good music Gurus. He understood the importance of how to send a shishya to a Guru, how to hand him over. He once called me and said that he would come to Mumbai along with two boys. I said that the boys could come on their own and he need not take the trouble of visiting me. But he insisted on accompanying them. Those two boys stayed in Mumbai for ten years and turned out to be the best among my shishyas. They understood the instrument *(santoor)*."

The two disciples who made Satguru ji proud are Harjinder Singh and Kiran Pal. Pandit Shiv Kumar Sharma ji added:

"If ever anyone plays the *santoor* the way I do, it is Harjinder Singh."

Patsha ji's love and regard for musicians is well known. He held them in high regard and fulfilled all their wishes. He enshrined them in his heart. Balwant Singh, the renowned *raagi* and disciple of Patsha ji, recalls his experience when Patsha ji sent him to Ustad Vilayat Khan in New Jersey, USA, to learn the *sitar* and vocal music.

Patsha ji called Balwant Singh and instructed him:

"Balwant, do not go to Khan Sahib with empty hands. First go to the house of Ravinder Singh, a Namdhari gentleman in Philadelphia and tell him that I have sent you to him. He will give you an envelope. Take it with you and when you meet the Ustad, present it to him."


**To be continued......**

## ਸ੍ਰੀ ਸਤਿਗੁਰੂ ਜਗਜੀਤ ਸਿੰਘ ਪ੍ਰਕਾਸ਼ ਸ਼ਤਾਬਦੀ ਮੇਲੇ ਸਮੇਂ ਸੰਗੀਤ-ਸੰਮੇਲਨ

29 ਨਵੰਬਰ 2020 ਸ੍ਰੀ ਭੈਣੀ ਸਾਹਿਬ




ਜੋਤ ਪ੍ਰਜਵਲਿੱਤ ਕਰਨ ਦੀ ਰਸਮ: ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨਾਲ ਪੰ. ਰਾਜਨ, ਸਾਜਨ ਮਿਸ਼ਰਾ ਬੰਧੂ




ਪੰਡਿਤ ਸ੍ਰੀ ਰਾਜਨ-ਸਾਜਨ ਮਿਸ਼ਰਾ ਬੰਧੂਆਂ ਦਾ ਗਾਇਨ

Date of Publication: 28-12-2020,
Date of Posting: 29-30 Dec. 2020

RNI NO. 55658/93 Delhi Postal Regd. No. DL(W) 01/2055/18-20

# ਸ੍ਰੀ ਸਤਿਗੁਰੂ ਜਗਜੀਤ ਸਿੰਘ ਪ੍ਰਕਾਸ਼ ਸ਼ਤਾਬਦੀ ਮੇਲਾ

30 ਨਵੰਬਰ 2020 ਸ੍ਰੀ ਭੈਣੀ ਸਾਹਿਬ





ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਮੇਲੇ ਦੀ ਸੰਪੂਰਨਤਾ:
ਪਾਠਾਂ ਦੇ ਭੋਗ ਅਤੇ ਅਨੰਦ ਕਾਰਜ



'ਸਹਜ ਅਨੰਦੁ ਹੋਆ ਵਡਭਾਗੀ'..... ਨੌ ਜੋੜਿਆਂ ਦੇ ਅਨੰਦ ਕਾਰਜ

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.